# ਲੇਪਾਲਕਪਣ *1*

...ਮੈਂ ਇਹ ਸੁਣ ਕੇ ਚੰਗਾ ਮਹਿਸੂਸ ਕਰਦਾ ਹਾਂ, ਇਹ ਚੰਗਾ ਹੈ । ਅੱਛਾ, ਇਹ ਹਮੇਸ਼ਾ ਹੀ, ਜਿਵੇਂ ਮੈਂ ਪਹਿਲਾਂ ਕਿਹਾ ਹੈ, "ਮੈਂ ਖੁਸ਼ ਹੋਇਆ ਜਦੋਂ ਉਹ ਮੈਨੂੰ ਆਖਣ ਲਗੇ, 'ਆਓ ਯਹੋਵਾਹ ਦੇ ਘਰ ਚਲੀਏ'"। ਮੈਂ ਵਿਸ਼ਵਾਸ ਕਰਦਾ ਹਾਂ ਕਿ ਦਾਊਦ ਨੇ ਇੱਕ ਵਾਰ ਇਹ ਬਿਆਨ ਕੀਤਾ ਸੀ, "ਆਓ ਯਹੋਵਾਹ ਦੇ ਘਰ ਚਲੀਏ" । ਪ੍ਰਭੂ ਦੇ ਘਰ ਵਿੱਚ ਹੋਣ ਤੋਂ ਬਿਹਤਰ ਮੈਂ ਹੋਰ ਕੋਈ ਜਗ੍ਹਾ ਨਹੀਂ ਜਾਣਦਾ, ਕੀ ਤੁਸੀਂ ਜਾਣਦੇ ਹੋ ।

2 ਹੁਣ, ਅੱਜ ਰਾਤ, ਸਾਡੇ ਕੋਲ ਕੁਝ ਮਿੱਤਰ ਹਨ, ਜੋ ਜਾਰਜਿਆ ਤੋਂ ਆਏ ਹਨ । ਉਹ ਸ਼ਾਇਦ ਦੁਪਹਿਰ ਦੇ ਖਾਣੇ ਤੋਂ ਬਾਅਦ ਅੱਜ ਰਾਤ ਗੱਡੀ ਚਲਾ ਕੇ ਵਾਪਸ ਜਾ ਰਹੇ ਹਨ । ਅਤੇ ਫੇਰ ਅਸੀਂ...ਉਨ੍ਹਾਂ ਵਿਚੋਂ ਕੁਝ ਬਹੁਤ ਦੂਰ ਤੋਂ ਹਨ, ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਰੁਕੋਗੇ । ਅਤੇ ਸਾਡੇ ਕੋਲ ਜਿੰਨੇ ਵੀ ਕਮਰੇ ਹਨ, ਤੁਹਾਡੇ ਲਈ ਖੁਲ੍ਹੇ ਹਨ ।

3 ਅਤੇ ਫਿਰ ਬੁੱਧਵਾਰ ਰਾਤ ਨੂੰ ਅਸੀਂ ਅਧਿਐਨ ਜਾਰੀ ਰਖਾਂਗੇ ਅਤੇ ਫੇਰ ਜੇ ਪ੍ਰਭੂ ਨੇ ਚਾਹਿਆ ਤਾਂ ਅਗਲੇ ਐਤਵਾਰ ਵੀ ਦੁਬਾਰਾ ਅਧਿਐਨ ਜਾਰੀ ਰਖਾਂਗੇ ।

4 ਅਤੇ ਫੇਰ ਸ਼ਟੋਕੁਆ ਛੇ ਨੂੰ ਸ਼ੁਰੂ ਹੁੰਦਾ ਹੈ । ਇਸ ਲਈ ਜਿਨ੍ਹਾਂ ਨੇ ਆਪਣੀਆਂ ਛੁੱਟੀਆਂ ਲਈ ਯੋਜਨਾ ਬਣਾਈ ਹੈ, ਅਸੀਂ ਸ਼ਟੋਕੁਆ ਵਿੱਚ, ਇੱਕ ਮਹਾਨ, ਸ਼ਾਨਦਾਰ ਸਮੇਂ ਦੀ ਉਮੀਦ ਕਰ ਰਹੇ ਹਾਂ । ਇਸੇ ਜਗ੍ਹਾ ਹਮੇਸ਼ਾ ਸਾਡਾ ਵਧੀਆ ਸਮਾਂ ਰਿਹਾ ਹੈ । ਬਹੁੱਤ ਵੱਡੀ ਭੀੜ ਨਹੀਂ ਹੁੰਦੀ, ਕਈ ਵਾਰ ਅਸੀਂ...ਇਹ ਤਕਰੀਬਨ...ਮੇਰਾ ਅੰਦਾਜਾ ਹੈ ਕਿ ਅਸੀਂ ਇਸ ਵਿੱਚ ਆਸਾਨੀ ਨਾਲ ਦੱਸ ਹਜਾਰ ਨੂੰ ਬਿਠਾ ਸਕਦੇ ਹਾਂ । ਪਰ, ਆਮ ਤੌਰ ਤੇ, ਪਿਛਲੇ ਸਾਲ ਸਾਡੇ ਕੋਲ ਸੱਤ ਹਜਾਰ ਦੇ ਕਰੀਬ ਜਾਂ ਇੰਨੇ ਹੀ ਸਨ । ਸਾਰੀ ਜਗ੍ਹਾ ਪੂਰੀ ਤਰਾਂ ਭਰੀ ਹੋਈ ਸੀ, ਪਰ ਖੜੇ ਹੋਣ ਲਈ ਬਥੇਰੀ ਜਗ੍ਹਾ ਸੀ । ਅਤੇ ਸੀਟਾਂ ਹਨ ਕਿ ਉਹ ਹਰ ਤਰਾਂ ਬਾਹਰ ਜਾ ਸਕਦੇ ਹਨ । ਸੋ ਅਸੀਂ ਇਸ ਲਈ ਉਡੀਕ ਕਰ ਰਹੇ ਹਾਂ ।

5 ਅਤੇ ਆਪਣੇ ਬਹੁਤ ਸਾਰੇ ਸੇਵਕ ਭਰਾਂਵਾਂ ਨੂੰ ਅੰਦਰ ਵੇਖ ਕੇ ਖੁਸੀ ਹੈ । ਮੈਂ ਇਥੇ ਕਦੇ ਵੀ ਉਸ ਮਿਸ਼ਨਰੀ ਦਾ ਨਾਮ ਨਹੀਂ ਸੋਚ ਸਕਦਾ, ਭਾਈ ਹਿਊਮਸ ਅਤੇ ਭੈਣ ਹਿਊਮਸ, ਇੱਕ ਮਿਸ਼ਨਰੀ, ਕੀ ਇਹ ਤੁਸੀਂ ਉਥੇ ਬੈਠੇ ਹੋਏ ਹੋ ਅਤੇ ਛੋਟੇ ਬੱਚੇ, ਅਸੀਂ ਉਹਨਾਂ ਲਈ ਬਹੁਤ ਖੁਸ਼ ਹਾਂ । ਹੋਰ, ਭਾਈ ਪੈਟ, ਭਾਈ ਡਾਲਟਨ ਅਤੇ ਔਹ, ਭਾਈ ਬੀਲਰ, ਬਹੁਤ ਸਾਰੇ ਹਨ । ਅਤੇ ਕੁਝ ਸਮਾਂ

ਪਹਿਲਾਂ ਹੀ ਭਾਈ ਕੌਲਿਨਸ ਨੂੰ ਵੇਖਿਆ ਹੈ । ਅਤੇ, ਓਹ, ਉਨ੍ਹਾਂ ਸਾਰਿਆਂ ਦੇ ਨਾਮ ਲੈਣਾ ਬਹੁਤ ਔਖਾ ਕੰਮ ਹੈ । ਪਰ ਅੱਜ ਰਾਤ ਤੁਹਾਨੂੰ ਪ੍ਰਭੂ ਦੇ ਘਰ ਵਿੱਚ ਵੇਖ ਕੇ ਸਾਨੂੰ ਬਹੁਤ ਖੁਸ਼ੀ ਹੈ । ਇਹ ਮਹਾਨ ਅਨਮੋਲ ਭਾਈ ਨੇਵਿਲ ਮੇਰੇ ਨਾਲ ਦੁਆ ਕਰਨ ਲਈ ਇਥੇ ਪਿੱਛੇ ਬੈਠੇ ਹਨ ਜੱਦ ਕਿ ਅਸੀਂ ਵਚਨ ਸਿਖਾਉਣ ਜਾ ਰਹੇ ਹਾਂ । ਚਾਰਲੀ, ਤੁਹਾਨੂੰ ਅਤੇ ਭੈਣ ਨਿਲੀ ਅਤੇ ਬਚਿਆਂ ਨੂੰ ਇਥੇ ਵੇਖ ਕੇ ਖੁਸ਼ੀ ਹੈ । ਇਹ ਹੈ...ਬਾਈਬਲ ਦੀ ਸਿੱਖਿਆ ਅਕਸਰ ਬਹੁੱਤ...ਹਾਂ, ਭਾਈ ਵੈਲਸ਼, ਮੈਂ ਬੱਸ...ਤੁਹਾਨੂੰ ਲੱਭ ਰਿਹਾ ਸੀ, ਹੁਣ ਮੈਂ ਤੁਹਾਨੂੰ ਪਿੱਛੇ ਬੈਠੇ ਹੋਏ ਵੇਖ ਸਕਦਾ ਹਾਂ ।

6 ਬਾਈਬਲ ਦੀ ਸਿੱਖਿਆ ਆਮ ਤੌਰ ਤੇ ਥੋੜ੍ਹੀ ਜਿਹੀ ਖ਼ਤਰਨਾਕ ਹੈ, ਤੁਸੀਂ ਜਾਣਦੇ ਹੋ, ਥੋੜ੍ਹੀ ਜਿਹੀ, ਅਸੀਂ ਇਸ ਨੂੰ ਪਤਲੀ ਬਰਫ਼ ਉੱਪਰ ਚਲਣਾ ਕਹਿੰਦੇ ਹਾਂ । ਪਰ ਅਸੀਂ ਬਸ ਸੋਚਦੇ ਹਾਂ ਕਿ ਸ਼ਾਇਦ ਇਸ ਜਗ੍ਹਾ ਤੇ ਅਤੇ ਇਸ ਸਮੇਂ, ਇਹ ਚੰਗਾ ਹੋਵੇਗਾ ਕਿ ਕਲੀਸਿਯਾ ਨੂੰ ਉਸ ਵਲ੍ਹ ਲੈ ਕੇ ਜਾਵਾਂ ਜੋ ਮੈ ਸੋਚਦਾ ਹਾਂ, ਇੱਕ ਸੰਪੂਰਣ ਸਮਝ ਵਲ੍ਹ, ਇੱਕ ਪਦਵੀ ਵਲ੍ਹ ਜੋ ਅਸੀਂ ਮਸੀਹ ਯਿਸੂ ਵਿੱਚ ਹਾਂ । ਅਤੇ ਕਈ ਵਾਰ ਮੈਂ ਸੋਚਦਾ ਹਾਂ ਕਿ ਪ੍ਰਚਾਰ ਕਰਨਾ ਇੱਕ ਸ਼ਾਨਦਾਰ ਚੀਜ ਹੈ, ਪਰ ਮੈਂ ਵਿਸ਼ਵਾਸ ਕਰਦਾ ਹਾਂ ਕਿ ਕਈ ਵਾਰ, ਭਾਈ ਬੀਲਰ, ਉਹ ਸਿੱਖਿਆ ਇਸ ਉਤੋਂ ਵੀ ਉੱਪਰ ਹੈ, ...ਖ਼ਾਸ ਕਰਕੇ ਕਲੀਸਿਯਾ ਲਈ ।

ਹੁਣ, ਪ੍ਰਚਾਰ ਆਮ ਤੌਰ ਤੇ ਪਾਪੀ ਨੂੰ ਪਕੜਦਾ ਹੈ, ਉਸ ਨੂੰ ਵਚਨ ਦੁਆਰਾ ਸਜਾ ਹੇਠ ਲਿਆਉਂਦਾ ਹੈ । ਪਰ ਸਿੱਖ਼ਿਆ ਆਦਮੀ ਨੂੰ ਉਸ ਅਹੁਦੇ ਤੇ ਖੜਾ ਕਰਦੀ ਹੈ ਜੋ ਉਹ ਹੈ । ਅਤੇ ਸਾਡੇ ਕੋਲ ਕਦੇ ਵੀ ਸਹੀ ਤਰਾਂ ਨਾਲ ਨਿਹਚਾ ਨਹੀਂ ਹੋ ਸਕਦੀ ਜੱਦ ਤੱਕ ਅਸੀਂ ਆਪਣੇ ਅਹੁਦੇ ਨੂੰ ਨਹੀਂ ਜਾਣਦੇ ਕਿ ਅਸੀਂ ਕੀ ਹਾਂ ।

7 ਹੁਣ, ਜੇ ਸੰਯੁਕਤ ਰਾਜ ਅਮਰੀਕਾ, ਮੈਨੂੰ ਰੂਸ ਭੇਜੇ, ਇੱਕ ਰਾਜਦੂਤ ਦੀ ਤੌਰ ਤੇ ਰੂਸ ਭੇਜੇ, ਜੇ ਉਹ ਮੈਨੂੰ ਸਰਕਾਰੀ ਤੌਰ ਤੇ ਰੂਸ ਭੇਜਦੇ ਹਨ ਤਾਂ ਸਾਰੀ ਤਾਕਤ ਜਿਹੜੀ ਸੰਯੁਕਤ ਰਾਜ ਕੋਲ ਹੈ, ਮੇਰੇਪਿੱਛੇ ਹੋਵੇਗੀ । ਜੇ ਮੈਂ ਰਾਜਦੂਤ ਦੀ ਤਰਾਂ ਭੇਜਿਆ ਜਾਂਦਾ ਹਾਂ ਤਾਂ ਮੇਰੇ ਅਤੇ ਸੰਯੁਕਤ ਰਾਜ ਦੇ ਸ਼ਬਦ ਇੱਕੋ ਹਨ ।

8 ਅਤੇ ਜੇ ਪਰਮੇਸ਼ੁਰ ਨੇ ਸਾਨੂੰ ਉਸਦੇ ਰਾਜਦੂਤ ਬਣਾ ਕੇ ਭੇਜਿਆ ਹੈ, ਤਾਂ ਸਾਰੀ ਸਾਮਰਥ ਜਿਹੜੀ ਸਵਰਗ ਵਿੱਚ ਹੈ, ਉਹ ਸਭ ਕੁਝ ਜੋ ਪਰਮੇਸ਼ੁਰ ਹੈ, ਉਸਦੇ ਸਾਰੇ ਸਵਰਗਦੂਤ ਅਤੇ ਉਸਦੀ ਸਾਰੀ ਸਾਮਰਥ ਸਾਡੇ ਸਬਦਾਂ ਦੇ ਪਿੱਛੇ ਹੈ, ਜੇ ਅਸੀਂ ਸਹੀ ਤਰੀਕੇ ਨਾਲ ਨਿਯੁਕਤ ਕੀਤੇ ਹੋਏ, ਲੋਕਾਂ ਲਈ ਭੇਜੇ ਹੋਏ ਸੰਦੇਸ਼ਵਾਹਕ ਹਾਂ । ਪਰਮੇਸ਼ੁਰ ਨੇ ਵਚਨ ਨੂੰ ਸਨਮਾਨ ਦੇਣਾ ਹੀ ਹੈ, ਕਿਉਂਕਿ ਉਸਨੇ ਬੜੀ ਹੀ ਸੰਜੀਦਗੀ ਨਾਲ ਲਿਖਿਆ ਹੈ ਕਿ, "ਜੋ ਕੁਝ ਤੁਸੀਂ ਧਰਤੀ

ਉੱਤੇ ਬਨੋ੍ਗੇ, ਉਸ ਨੂੰ ਮੈਂ ਸਵਰਗ ਵਿੱਚ ਬਨ੍ਹ ਦਿਆਂਗਾ । ਜੋ ਕੁਝ ਵੀ ਤੁਸੀਂ ਧਰਤੀ ਉੱਤੇ ਖੋਲ ਦਿਓਗੇ, ਮੈਂ ਉਸ ਨੂੰ ਸਵਰਗ ਵਿੱਚ ਖੋਲ ਦਿਆਂਗਾ । ਅਤੇ ਮੈਂ ਤੁਹਾਨੂੰ ਸਵਰਗ ਰਾਜ ਦੀਆਂ ਕੁੰਜੀਆਂ ਦਿਆਂਗਾ" । ਓਹ, ਇੰਨੇ ਮਹਾਨ ਵਾਇਦੇ ਉਸ ਨੇ ਕਲੀਸਿਯਾ ਨੂੰ ਦਿੱਤੇ ਹੋਏ ਹਨ!

9 ਅਤੇ ਮੈਂ, ਕੁਝ ਦਿਨ ਪਹਿਲਾਂ...ਮੇਰਾ ਅਨੁਮਾਨ ਹੈ ਕਿ ਅੱਜ ਸਵੇਰ ਤੁਹਾਡੇ ਵਿਚੋਂ ਬਹੁਤ ਸਾਰੇ ਇਸ ਸਵੇਰ ਸੁਣਨ ਲਈ ਇਥੇ ਸਨ ਜੱਦ ਮੈਂ ਆਪਣੇ ਨਮਰ, ਆਸਾਨ ਤਰੀਕੇ ਨਾਲ ਉਸ ਦਰਸ਼ਨ ਦਾ ਬਾਰੇ ਬਿਆਨ ਕਰਨ ਦੀ ਕੌਸ਼ਿਸ ਕਰ ਰਿਹਾ ਸੀ ਜੋ ਮੈਂ ਸਵਰਗ ਬਾਰੇ ਵੇਖਿਆ ਸੀ ।

10 ਮੈਂ ਕਿਸੇ ਵੀ ਤਰਾਂ ਕਦੇ ਵੀ ਉਸ ਤੇ ਸ਼ੱਕ ਕਰਨ ਦੀ ਕੌਸ਼ਿਸ ਨਹੀਂ ਕੀਤੀ ਜੋ ਕਿਸੇ ਨੇ ਮੈਨੂੰ ਦੱਸਿਆ ਕਿ ਪਰਮੇਸ਼ੁਰ ਨੇ ਉਸ ਨੂੰ ਦੱਸਿਆ ਹੈ । ਮੈਂ ਇਸ ਤੇ ਵਿਸ਼ਵਾਸ ਕਰਦਾ ਹਾਂ ਭਾਵੇਂ ਮੈਂ ਇਸ ਨੂੰ ਵਚਨ ਵਿੱਚ ਨਹੀਂ ਵੇਖਦਾ ਹਾਂ, ਮੈਂ ਫਿਰ ਵੀ ਉਸ ਭਾਈ ਦੇ ਸਬਦਾਂ ਤੇ ਵਿਸ਼ਵਾਸ ਕਰਨਾ ਚਾਹਾਂਗਾ । ਮੈਂ—ਮੈਂ ਸ਼ਾਇਦ ਬੱਸ ਬਾਈਬਲ ਨਾਲ ਖੜਾ ਰਹਾਂ, ਪਰ ਫਿਰ ਵੀ ਮੈਂ ਇਹ ਵਿਸ਼ਵਾਸ ਕਰਾਂਗਾ ਕਿ ਸ਼ਾਇਦ ਭਾਈ ਨੇ ਕਿਸੇ ਤਰੀਕੇ ਨਾਲ ਇਸ ਨੂੰ ਗਲਤ ਸਮਝਿਆ ਹੈ ਕਿ ਹੋ ਸਕਦਾ ਹੈ ਕਿ ਉਸ ਨੇ ਇਸ ਨੂੰ ਥੋੜਾ ਉਲਝਾ ਦਿਤਾ ਹੋਵੇ । ਅਤੇ ਤੱਦ ਵੀ ਮੈਂ ਨਿਹਚਾ ਕਰਾਂਗਾ ਕਿ ਉਹ ਮੇਰਾ ਭਰਾ ਹੈ ।

11 ਅਤੇ ਜੇ ਅਜਿਹਾ ਕੁਝ ਹੈ ਜੋ ਮੇਰੇ ਦਿਲ ਅੰਦਰ ਬਲ੍ਹ ਰਿਹਾ ਹੈ, ਅਤੇ ਮੈਂ ਆਸ ਕਰਦਾ ਹਾਂ ਕਿ ਇਹ ਆਉਣ ਵਾਲੇ ਸਾਲਾਂ ਵਿੱਚ ਕਦੇ ਖਤਮ ਨਹੀਂ ਹੋਵੇਗਾ, ਪਿਛਲੇ ਐਤਵਾਰ ਦੀ ਸਵੇਰ ਜੋ ਹੋਇਆ ਮੈਂ ਕਦੇ ਵੀ ਨਹੀਂ ਭੁਲਾਂਗਾ, ਇੱਕ ਹਫਤਾ ਪਹਿਲਾਂ । ਇਸ ਨੇ ਮੇਰੇ ਨਾਲ ਕੁਝ ਅਜਿਹਾ ਕੀਤਾ ਹੈ ਜਿਸ ਨੇ ਮੇਰੇ ਜੀਵਨ ਵਿੱਚ ਤਬਦੀਲੀ ਲੈ ਆਂਦੀ ਹੈ । ਮੈ—ਮੈਂ ਡਰਦਾ ਨਹੀਂ ਹਾਂ । ਮੈ—ਮੈਂ ਮੈਨੂੰ ਮੌਤ ਦਾ ਜਰਾ ਵੀ ਡਰ ਨਹੀਂ ਹੈ । ਮੌਤ ਕੋਲ ਕੋਈ ਡਰ ਹੈ ਹੀ ਨਹੀਂ । ਅਤੇ ਇਹ—ਇਹ ਤੁਹਾਡੇ ਲਈ ਵੀ ਨਹੀਂਹੈ ਜੇ ਤੁਸੀਂ ਇਸ ਨੂੰ ਸਮਝ ਜਾਓ । ਹੁਣ, ਹੋ ਸਕਦਾ ਹੈ ਜੇ...ਤੁਹਾਨੂੰ ਇਸ ਨੂੰ ਜਾਣਨ ਲਈ ਤਜੁਰਬਾ ਹੋਣਾ ਚਾਹੀਦਾ ਹੈ, ਕਿਓਂਕਿ ਇਸ ਦਾ ਵਰਣਨ ਕਰਨ ਦਾ ਕੋਈ ਤਰੀਕਾ ਨਹੀਂ ਹੈ । ਤੁਸੀਂ ਸਬਦਾਂ ਨੂੰ ਨਹੀਂ ਲਭ ਸਕਦੇ, ਕਿਓਂਕਿ ਇਹ ਅੰਗ੍ਰੇਜੀ ਸ਼ਬਦ-ਕੋਸ਼ ਵਿੱਚ ਨਹੀਂ ਹੈ ਜਾਂ ਕਿਸੇ ਵੀ ਹੋਰ ਸ਼ਬਦ-ਕੋਸ਼ ਵਿੱਚ ਨਹੀਂ ਹੈ ਕਿਓਂਕਿ ਇਹ ਅਨੰਤਾ ਵਿੱਚ ਹੈ; ਕੋਈ ਬੀਤਿਆ ਹੋਇਆ ਕਲ੍ਹ ਨਹੀਂ, ਕੋਈ ਆਉਣ ਵਾਲਾ ਕਲ੍ਹ ਨਹੀਂ, ਇਹ ਸਭ ਵਰਤਮਾਨ ਕਾਲ ਹੈ । ਅਤੇ ਇਹ ਇੰਝ ਨਹੀਂ ਹੈ "ਮੈਂ ਬਹੁਤ ਵਧੀਆ ਮਹਿਸੂਸ ਕਰਦਾ ਹਾਂ," ਅਤੇ ਹੁਣ ਤੋਂ ਇੱਕ ਘੰਟਾ ਬਾਅਦ "ਮੈਂ ਚੰਗਾ ਮਹਿਸੂਸ ਨਹੀਂ ਕਰਦਾ," ਅਤੇ ਇੱਕ ਹੋਰ ਘੰਟੇ ਬਾਅਦ, "ਦੁਬਾਰਾ ਚੰਗਾ

ਮਹਿਸੂਸ ਕਰਦਾ ਹਾਂ" । ਇਹ ਹਮੇਸ਼ਾ ਹੀ ਵਰਤਮਾਨ ਕਾਲ ਹੈ । ਸਮਝੇ? ਕਦੇ ਵੀ ਰੁੱਕਦਾ ਨਹੀਂ, ਬੱਸ ਉਹ ਮਹਾਨ ਸ਼ਾਂਤੀ ।

12 ਅਤੇ ਉੱਥੇ ਕੋਈ ਪਾਪ ਨਹੀਂ ਹੋ ਸਕਦਾ, ਉਥੇ ਕੋਈ ਈਰਖਾ ਨਹੀਂ ਹੋ ਸਕਦੀ, ਉੱਥੇ ਕੋਈ ਵੀ ਬਿਮਾਰੀ ਨਹੀਂ ਹੋ ਸਕਦੀ, ਉਸ ਸਵਰਗੀ ਕਿਨਾਰੇ ਤੇ ਕਦੇ ਵੀ ਕੁਝ ਨਹੀਂ ਪਹੁੰਚ ਸਕਦਾ । ਅਤੇ ਜੇ ਮੈਨੂੰ ਇਹ ਕਹਿਣ ਦਾ ਅਧਿਕਾਰ ਹੈ, ਜੋ ਸ਼ਾਇਦ ਮੇਰੇ ਕੋਲ ਨਹੀਂ ਹੈ । ਜੇ ਮੇਰੇ ਕੋਲਇਹ ਨਹੀਂ ਹੈ ਤਾਂ ਮੈਂ ਪਰਮੇਸ਼ੁਰ ਅੱਗੇ ਮਾਫ਼ੀ ਲਈ ਪ੍ਰਾਰਥਨਾ ਕਰਦਾ ਹਾਂ । ਪਰ ਜੇ ਮੇਰੇ ਕੋਲ ਅਧਿਕਾਰ ਹੈ ਅਤੇ ਇਹ ਉਹੀ ਪਰਮੇਸ਼ੁਰ ਸੀ ਜਿਸ ਨੇ ਮੈਨੂੰ ਕੁਝ ਵਿਖਾਲਣ ਲਈ ਉਤਾਂਹ ਉੱਠਾ ਲਿਆ, ਮੈਂ ਪਹਿਲੇ ਸਵਰਗ ਦਾ ਜਿਕਰ ਕਰਾਂਗਾ । ਅਤੇ ਫਿਰ ਮੈਂ ਵਿਸ਼ਵਾਸ ਕਰਦਾ ਹਾਂ, ਬਾਈਬਲ ਵਿੱਚ ਇੱਕ ਸੀ, ਜਿਸ ਦਾ ਨਾਮ, ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਪੌਲੁਸ ਸੀ, ਜਿਸ ਨੂੰ ਤੀਸਰੇ ਸਵਰਗ ਵਿੱਚ ਉੱਠਾ ਲਿਆ ਗਿਆ ਸੀ । ਅਤੇ ਜੇਕਰ ਪਹਿਲਾ ਸਵਰਗ ਇੰਨਾ ਸ਼ਾਨਦਾਰ ਸੀ, ਤਾਂ ਉਸ ਤੀਸਰੇ ਸਵਰਗ ਵਿੱਚ ਕੀ ਹੋਵੇਗਾ? ਕੋਈ ਹੈਰਾਨੀ ਨਹੀਂ ਕਿ ਚੌਦਾਂ ਸਾਲਾਂ ਤੱਕ ਉਹ ਇਸ ਬਾਰੇ ਕੁਝ ਨਹੀਂ ਬੋਲ ਸਕਿਆ! ਉਸ ਨੇ ਕਿਹਾ ਕਿ ਉਹ ਇਹ ਨਹੀਂ ਜਾਣਦਾ ਸੀ ਕਿ ਉਹ ਆਪਣੇ ਸ਼ਰੀਰ ਵਿੱਚ ਸੀ ਜਾਂ ਸ਼ਰੀਰ ਵਿਚੋਂ ਬਾਹਰ ਸੀ । ਉਸ ਮਹਾਨ ਰਸੂਲ ਵਾਂਗ, ਉਸ ਦੀ ਪਦਵੀ ਸਾਂਝੀ ਕਰਨ ਲਈ ਨਹੀਂ, ਜਾਂ ਆਪਣੇ ਆਪ ਨੂੰ ਉਸ ਵਰਗਾ ਬਣਾਉਣ ਦੀ ਕੌਸ਼ਿਸ ਨਹੀਂ, ਪਰ ਮੈਂ ਉਸ ਦੇ ਵਾਂਗ ਕਹਿ ਸਕਦਾ ਹਾਂ, ਮੈਂ ਨਹੀਂ ਜਾਣਦਾ ਕਿ ਮੈਂ ਇਸ ਸ਼ਰੀਰ ਵਿੱਚ ਸੀ ਜਾਂ ਸ਼ਰੀਰ ਵਿਚੋਂ ਬਾਹਰ ਸੀ । ਸਿਰਫ ਇੱਕ ਗਲ, ਇਹ ਇੰਨਾ ਅਸਲ ਸੀ ਜਿਵੇਂ ਮੈਂ ਤੁਹਾਡੇ ਵਲ ਵੇਖ ਰਿਹਾ ਹਾਂ ।

13 ਅਤੇ ਮੈਂ ਇਸਦੇ ਬਾਰੇ ਹਮੇਸ਼ਾ ਹੀ ਦੁਬਿਧਾ ਵਿੱਚ ਸਾਂ ਕਿ ਮੈਂ ਉੱਥੇ ਲੰਘਦੇ ਹੋਏ ਇੱਕ ਆਤਮਾ ਨੂੰ ਕਿਸੇ ਬੱਦਲ ਦੀ ਸ਼ਕਲ ਵਿੱਚ ਤੈਰਦੇ ਹੋਏ ਵੇਖਾਂਗਾ, ਅਤੇ ਕਹਾਂਗਾ, "ਉਹ ਭਾਈ ਅਤੇ ਭੈਣ ਜਾ ਰਹੇ ਹਨ, ਉਹ ਭਾਈ ਚਾਰਲੀ ਅਤੇ ਭੈਣ ਨਿਲੀ ਹਨ । ਉਹ ਉੱਥੇ ਭੈਣ ਅਤੇ ਭਾਈ ਸ੍ਪੈਂਸਰ ਜਾ ਰਹੇ ਹਨ" । ਇਸ ਬਾਰੇ ਮੈਂ ਹਮੇਸ਼ਾ ਉਲਝਣ ਵਿੱਚ ਸੀ । ਜੇ ਮੇਰੀਆਂ ਅੱਖਾਂ ਕਬਰ ਵਿੱਚ ਹਨ, ਗਲ-ਸੜ੍ਹ ਰਹੀਆਂ ਹਨ, ਜੇ ਮੇਰੇ ਕੰਨ ਇਥੇ ਨਹੀਂ ਹਨ ਅਤੇ ਮੈਂ ਸੁਣ ਨਹੀਂ ਸਕਦਾ, ਅਤੇ ਜੇ ਮੇਰਾ ਸਾਰਾ ਲਹੂ ਚਲਾ ਗਿਆ ਹੈ ਅਤੇ ਉਨ੍ਹਾਂ ਇਸ ਤੇ ਮਸਾਲੇ ਲਗਾ ਦਿੱਤੇ ਹਨ, ਅਤੇ ਇਹ ਜਾਂ ਪਾਣੀਆਂ ਵਿੱਚ ਹੈ ਜਾਂ ਜਮੀਨ ਵਿੱਚ ਹੈ, ਅਤੇ ਮੇਰੀਆਂ ਸਾਰੀਆਂ ਮਾਨਸਿਕ ਯੋਗਤਾਂਵਾਂ, ਮੇਰੇ ਦਿਮਾਗ ਦੀਆਂ ਸਾਰੀਆਂ ਕੋਸ਼ਿਕਾਵਾਂ ਜਾ ਚੁਕੀਆਂ ਹਨ, ਤਾਂ ਫਿਰ ਮੈਂ ਇੱਕ ਆਲੇ ਦੁਆਲੇ ਉੱਡ ਰਹੇ ਆਤਮਾ ਤੋਂ ਵੱਧ ਹੋਰ ਕੀ ਹੋ ਸਕਦਾ ਹਾਂ? ਅਤੇ ਇਸ ਨੇ ਮੈਨੂੰ ਪਰੇਸ਼ਾਨ ਕਰ ਦਿੱਤਾ ਸੀ । ਮੈਂ ਇਹ ਕਿਵੇਂ ਕਹਾਂਗਾ, "ਹੈਲੋ, ਭਾਈ ਪੈਟ, ਔਹ, ਤੁਹਾਨੂੰ ਵੇਖ

ਕੇ ਬਹੁਤ ਖੁਸ਼ੀ ਹੋਈ! ਹੈਲੋ, ਭਾਈ ਨੇਵਿਲ, ਮੈਂ ਤੁਹਾਨੂੰ ਮਿਲਣਾ ਚਾਹੁੰਦਾ ਸੀ!" ਪਰ ਮੈਂ ਸੋਚਿਆ, "ਅੱਛਾ, ਜੇ ਮੇਰੇ ਕੋਲ ਕੁਝ ਨਹੀਂ ਹੈ ਜਿਸ ਨਾਲ ਮੈਂ ਵੇਖ ਸਕਾਂ, ਬੋਲਣ ਲਈ ਕੋਈ ਮੂੰਹ ਨਹੀਂ ਹੈ, ਇਹ ਸੜ੍ਹ ਗਿਆ ਹੈ, ਇਹ ਮਿੱਟੀ ਹੈ, ਤਾਂ ਮੈਂ ਕਿਵੇਂ ਕਹਿ ਸਕਾਂਗਾ, 'ਹੈਲੋ, ਭਾਈ ਪੈਟ,' 'ਹੇਲੋ, ਭਾਈ ਨੇਵਿਲ,' ਅਤੇ ਹੋਰ ਜਿਵੇਂ, 'ਹਾਏ, ਚਾਰਲੀ'?"

14 ਪਰ ਹੁਣ ਮੈਂ ਜਾਣਦਾ ਹਾਂ ਕਿ ਇਹ ਗਲਤ ਸੀ । ਕਿਓਂਕਿ ਵਚਨ ਵਿੱਚ ਇਹ ਲਿਖਿਆ ਹੋਇਆ ਹੈ, ਜੋ ਕਿ ਮੈਂ ਆਖਦਾ ਹਾਂ ਉਹ ਇਸਦੇ ਉਲਟ ਨਹੀਂ ਹੈ, "ਕਿਓਂਕਿ ਜੇ ਸਾਡਾ ਤੰਬੂ ਜਿਹਾ ਘਰ ਢਹਿ ਜਾਵੇ, ਸਾਡਾ ਇੱਕ ਹੋਰ ਘਰ ਹੈ ਜੋ ਸਾਡੀ ਉਡੀਕ ਕਰ ਰਿਹਾ ਹੈ," ਇੱਕ ਹੋਰ ਤੰਬੂ ਜਿਸ ਦੀਆਂ ਅੱਖਾਂ ਹਨ, ਕੰਨ, ਬੁਲ੍ਹ, ਮਾਨਸਿਕ ਚੇਤਾਨਾਵਾਂ ਹਨ । "ਜੇ ਇਹ ਤੰਬੂ ਜਿਹਾ ਘਰ ਢਹਿ ਜਾਵੇ!" ਇਸ ਦੀ ਇਕ ਦੇਹ ਹੈ ਜਿਸ ਨਾਲ ਮੈਂ ਮਹਿਸੂਸ ਕਰ ਸਕਦਾ ਹਾਂ, ਗਲਬਾਤ ਕਰ ਸਕਦਾ ਹਾਂ ।

15 ਅਤੇ ਹੁਣ ਮੈਨੂੰ ਇਹ ਪਤਾ ਲਗਾ ਹੈ, ਬੱਸ ਹੁਣੇ ਹੀ, ਕਿ ਮੂਸਾ ਮਰ ਗਿਆ ਸੀ ਅਤੇ ਅੱਠ ਸੋ ਸਾਲਾਂ ਤੱਕ ਇੱਕ ਗੁਪਤ ਕਬਰ ਵਿੱਚ ਰਿਹਾ, ਅਤੇ ਅਲੀਸ਼ਾ ਪੰਜ ਸੋ ਸਾਲ ਪਹਿਲਾਂ ਸਵਰਗ ਵਿੱਚ ਚਲਾ ਗਿਆ ਸੀ, ਪਰ ਰੂਪ ਬਦਲ ਜਾਣ ਵਾਲੇ ਪਹਾੜ ਉੱਤੇ ਉਹ ਯਿਸੂ ਨਾਲ ਗਲਾਂ ਕਰਦੇ ਹੋਏ ਪਾਏ ਗਏ ।

16 ਜੱਦ ਸਮੂਏਲ ਨੂੰ ਮਰੇ ਹੋਏ ਲਗਭਗ ਤਿੰਨ ਤੋਂ ਪੰਜ ਸਾਲ ਹੋ ਗਏ ਸਨ, ਅਤੇ ਏਨਦੋਰ ਦੀ ਜਾਦੂਗਰਨੀ ਨੇ ਉਸ ਨੂੰ ਬੁਲਾਇਆ, ਅਤੇ ਉਹ ਆਪਣੇ ਮੂੰਹ ਭਾਰ ਡਿੱਗ ਗਈ, ਅਤੇ ਉਸਨੇ ਕਿਹਾ, "ਤੂੰ ਮੈਨੂੰ ਧੋਖਾ ਦਿੱਤਾ ਹੈ, ਕਿਓਂਕਿ ਤੂੰ ਖੁਦ ਸਾਊਲ ਹੈਂ" । ਉਸ ਨੇ ਕਿਹਾ, "ਕਿਓਂਕਿ ਮੈਂ ਦੇਵਤੇ ਨੂੰ ਵੇਖਦੀ ਹਾਂ!" ਉਹ ਇੱਕ ਅਧਰਮੀ ਸੀ, ਤੁਸੀਂ ਵੇਖਿਆ । "ਮੈਂ ਦੇਵਤੇ ਨੂੰ ਉੱਪਰ ਆਉਂਦਾ ਵੇਖਦੀ ਹਾਂ" ।

17 ਅਤੇ ਸਾਊਲ ਉਸ ਨੂੰ ਅਜੇ ਵੀ ਵੇਖ ਨਹੀਂ ਸਕਦਾ ਸੀ, ਉਸ ਨੇ ਕਿਹਾ, "ਉਹ ਕਿਸ ਤਰਾਂ ਦਾ ਵਿਖਾਈ ਦਿੰਦਾ ਹੈ? ਮੇਰੇ ਲਈ ਉਸ ਦਾ ਬਿਆਨ ਕਰ" ।

ਕਿਹਾ, "ਉਹ ਪਤਲਾ ਹੈ, ਅਤੇ ਉਸ ਦੇ ਮੋਢਿਆਂ ਉੱਤੇ ਉਸਦੀ ਚਾਦਰ ਹੈ" ।

18 ਕਿਹਾ, "ਇਹ ਸਮੂਏਲ ਨਬੀ ਹੈ, ਉਸ ਨੂੰ ਮੇਰੇ ਸਾਹਮਣੇ ਲੈ ਕੇ ਆ" । ਅਤੇ ਮੈਂ ਚਾਹੁੰਦਾ ਹਾਂ ਤੁਸੀਂ ਧਿਆਨ ਦਿਓ ਕਿ ਸਮੂਏਲ ਨੇ ਆਪਣੇ ਵਿਅਕਤੀਤਵ ਵਿਚੋਂ ਕੁਝ ਵੀ ਨਹੀਂ ਗੁਆਇਆ ਸੀ। ਉਹ ਅਜੇ ਵੀ ਇੱਕ ਨਬੀ ਸੀ, ਉਸ ਨੇ ਸਾਊਲ ਨੂੰ ਬਿਲਕੁਲ ਉਹੀ ਦੱਸ ਦਿਤਾ ਜੋ ਅਗਲੇ ਦਿਨ ਹੋਣਾ ਸੀ ।

19 ਇਸ ਲਈ, ਤੁਸੀਂ ਵੇਖਿਆ, ਮੌਤ ਸਾਨੂੰ ਪੂਰੀ ਤਰਾਂ ਖਤਮ ਨਹੀਂ ਕਰਦੀ ਜਿਵੇਂ ਅਸੀਂ ਕਬਰ ਉੱਤੇ ਰੋਂਦੇ, ਕੁਰਲਾਉਂਦੇ ਅਤੇ ਵਿਰਲਾਪ ਕਰਦੇ ਹਾਂ । ਇਹ ਸਿਰਫ ਸਾਡੇ ਰਹਿਣ ਦਾ ਸਥਾਨ ਬਦਲਦੀ ਹੈ । ਇਹ ਸਾਨੂੰ ਇੱਕ ਜਗਾ ਤੋਂ ਲੈ ਕੇ...ਕੀ ਉਮਰ ਹੈ? ਜੇ ਮੈਂ ਇੱਕ ਘੰਟਾ ਹੋਰ ਜਿਉਂਦਾ ਰਹਾਂ, ਤਾਂ ਮੈਂ ਬਹੁਤ ਸਾਰੇ ਸੋਲਾਂ ਸਾਲਾਂ ਦੇ ਵਿਅਕਤੀਆਂ ਤੋਂ ਵੱਧ ਜਿਉਂਦਾ ਰਹਾਂਗਾ, ਮੈਂ ਕਈ ਪੰਜ ਸਾਲ ਦੇ ਵਿਅਕਤੀਆਂ ਨਾਲੋਂ ਵੱਧ ਜੀਵਾਂਗਾ । ਉਮਰ ਕੁਝ ਨਹੀਂ ਹੈ । ਅਸੀਂ ਸਿਰਫ ਇਥੇ ਇੱਕ ਉਦੇਸ਼ ਲਈ ਠਹਿਰਾਏ ਗਏ ਹਾਂ ਤਾਂ ਕਿ ਕੁਝ ਕਰੀਏ ।

20 ਅੱਛਾ, ਹੁਣ, ਇਥੇ ਬੈਠੀਆਂ ਹੋਈਆਂ ਇਨ੍ਹਾਂ ਸੁੰਦਰ ਚਿਹਰਿਆਂ ਵਾਲੀਆਂ ਮਾਵਾਂ ਵਿਚੋਂ ਕਈ, ਉਨ੍ਹਾਂ ਵਿਚੋਂ ਕੁਝ ਸੱਠ ਜਾਂ ਸੱਤਰ ਸਾਲ ਦੀਆਂ ਹਨ, ਉਹ ਕਹਿਣਗੀਆਂ, "ਅੱਛਾ, ਭਾਈ ਬ੍ਰਾਨਹਾਮ, ਮੈਂ ਕੀ ਕੀਤਾ ਹੈ?" ਤੁਸੀਂ ਆਪਣੇ ਬੱਚਿਆਂ ਨੂੰ ਪਾਲਿਆ ਹੈ । ਤੁਸੀਂ ਉਹੀ ਕੀਤਾ ਹੈ ਜੋ ਤੁਹਾਨੂੰ ਕਰਨਾ ਚਾਹੀਦਾ ਸੀ ।

21 ਸ਼ਾਇਦ ਇਥੇ ਬੈਠਾ ਹੋਇਆ ਕੋਈ ਬਜੁਰਗ ਪਿਤਾ, ਆਖੇ, "ਅੱਛਾ, ਮੈਂ ਖੇਤਾਂ ਵਿੱਚ ਹਲ ਵਾਹਿਆ ਹੈ, ਮੈਂ *ਇਹ* ਕੀਤਾ ਹੈ । ਮੈਂ ਕਦੇ ਵੀ ਪ੍ਰਚਾਰ ਨਹੀਂ ਕੀਤਾ" । ਪਰ ਤੁਸੀਂ ਸਿਰਫ ਉਹੀ ਕੀਤਾ ਹੈ ਜੋ ਕਰਨ ਲਈ ਪਰਮੇਸ਼ੁਰ ਨੇ ਤਹਾਨੂੰ ਭੇਜਿਆ ਸੀ । ਤੁਹਾਡੇ ਲਈ ਇੱਕ ਸਥਾਨ ਹੈ ।

22 ਕਲ੍ਹ, ਇੱਕ ਬੂੜ੍ਹੇ ਡਾਕਟਰ ਨਾਲ ਗਲਬਾਤ ਕਰਦੇ ਹੋਏ, ਕੁਝ ਅੱਸੀ ਕੁ ਸਾਲ ਦੀ ਉਮਰ, ਉਹ ਮੇਰੇ ਡਾਕਟਰ ਮਿੱਤਰਾਂ, ਸਾਥੀਆਂ ਵਿਚੋਂ ਇੱਕ ਹਨ । ਅਤੇ ਉਸ ਦੀ ਸਾਲੀ ਅੱਜ ਰਾਤ ਇਥੇ ਚਰਚ ਵਿੱਚ ਹੈ, ਅਤੇ ਉਹ ਉਸ ਲਈ ਥੋੜੀ ਚਿੰਤਾ ਵਿੱਚ ਹੈ । ਅਤੇ ਮੈਂ ਉਸ ਨੂੰ ਮਿਲਣ ਲਈ ਗਿਆ । ਅਤੇ ਜਿਵੇਂ ਹੀ ਮੈਂ ਉਸ ਨਾਲ ਗਲ ਕਰਨੀ ਸ਼ੁਰੂ ਕੀਤੀ, ਤਾਂ ਉਹ ਚਮਕ ਉਠਿਆ, ਮੈਨੂੰ ਇੱਕ ਸ਼ਿਕਾਰ ਯਾਤਰਾ ਬਾਰੇ ਦੱਸਿਆ ਜਿਹੜੀ ਉਸਨੇ ਬਹੁਤ ਸਾਲ ਪਹਿਲਾਂ ਕੋਲੋਰਾਡੋ ਵਿੱਚ ਕੀਤੀ ਸੀ, ਬਿਲਕੁਲ ਉਹੀ ਦੇਸ਼ ਜਿਥੇ ਮੈਂ ਸ਼ਿਕਾਰ ਕਰਦਾ ਹਾਂ ।ਠੀਕ ਉਸੇ ਤਰਾਂ ਹੁਸ਼ਿਆਰ ਅਤੇ ਚਮਕਦਾਰ! ਅਤੇ ਮੈਂ ਕਿਹਾ, "ਡਾਕਟਰ, ਤੁਸੀਂ ਕੱਦ ਤੋਂ ਡਾਕਟਰੀ ਕਰ ਰਹੇ ਹੋ?"

23 ਉਸ ਨੇ ਕਿਹਾ, "ਜੱਦ ਤੂੰ ਹਾਲੇ ਦੁਧ ਪੀ ਰਿਹਾ ਸੀ" । ਅਤੇ ਮੈਂ ਕਿਹਾ... "ਅਤੇ ਬਹੁਤ ਵਾਰ," ਉਸ ਨੇ ਕਿਹਾ, "ਮੈਂ ਆਪਣੀ ਬੱਘੀ ਨੂੰ ਲੈ ਕੇ, ਆਪਣੇ ਘੋੜੇ ਉੱਤੇ ਕਾਠੀ ਪਾ ਕੇ, ਡਾਕਟਰੀ ਕੀਤੀ ਹੈ । ਮੈਂ ਛੋਟਾ ਥੈਲਾ ਲੈ ਕੇ ਤੁਰਿਆ ਹਾਂ" ।

24 ਅਤੇ ਮੈਂ ਕਿਹਾ, "ਹਾਂ, ਛੋਟੀ ਨਦੀ ਦੇ ਕਿਨਾਰਿਆਂ ਦੇ ਨਾਲ, ਸਵੇਰ ਦੇ ਦੋ ਵਜੇ, ਤੁਹਾਡੀ ਲਾਲਟੈਣ ਨਾਲ, ਇੱਕ ਘਰ ਨੂੰ ਲੱਭਣ ਦੀ ਕੋਸ਼ਿਸ ਕਰਦੇ ਸੀ

ਜਿਥੇ ਇੱਕ ਛੋਟੇ ਬੱਚੇ ਦੇ ਪੇਟ ਦਰਦ ਹੋ ਰਹੀ ਹੁੰਦੀ ਸੀ ਜਾਂ ਇੱਕ ਮਾਂ ਗਰਭ ਦੀਆਂ ਪੀੜਾਂ ਵਿੱਚ ਹੁੰਦੀ ਸੀ" ।

"ਇਹ ਸਹੀ ਹੈ" ।

25 ਅਤੇ ਮੈਂ ਕਿਹਾ, "ਤੁਸੀਂ ਜਾਣਦੇ ਹੋ, ਡਾਕਟਰ, ਮੈਂ ਵਿਸ਼ਵਾਸ ਕਰਦਾ ਹਾਂ, ਮਰਨਹਾਰ ਅਤੇ ਅਮਰਤਾ ਨੂੰ ਵੱਖਰਾ ਕਰਨ ਵਾਲੀ ਲਕੀਰ ਦੇ ਪਾਰ, ਪਰਮੇਸ਼ੁਰ ਕੋਲ ਉਹਨਾਂ ਚੰਗੇ ਡਾਕਟਰਾਂ ਦੇ ਲਈ ਇੱਕ ਜਗਾ ਹੈ ਜਿਹਨਾਂ ਨੇ ਇਸ ਤਰਾਂ ਸੇਵਾ ਕੀਤੀ ਹੈ" ।

26 ਉਸਦੀਆਂ ਅੱਖਾਂ ਵਿੱਚ ਅੱਥਰੂ ਆ ਗਏ ਅਤੇ ਉਸ ਨੇ ਰੋਣਾ ਸ਼ੁਰੂ ਕਰ ਦਿਤਾ, ਉਸ ਨੇ ਆਪਣੇ ਕਮਜ਼ੋਰ ਹੱਥਾਂ ਨੂੰ ਉੱਪਰ ਚੁਕਿਆ ਅਤੇ ਕਿਹਾ, "ਭਾਈ, ਮੈਂ ਇਸੇ ਦੀ ਉਮੀਦ ਕਰਦਾ ਹਾਂ" । ਧਰਤੀ ਦੇ ਪਾਰ, ਪਰਮੇਸ਼ੁਰ ਮਨੁੱਖ ਦੇ ਪ੍ਰਾਣ ਦਾ ਨਿਆਂ ਕਰਦਾ ਹੈ ਕਿ ਉਹ ਕੀ ਹੈ ।

27 ਫਿਰ ਮੈਂ ਉਸ ਨੂੰ ਤੱਸਲੀ ਦੇਣ ਲਈ ਲਿਖਤ ਦਿੱਤੀ । ਬਹੁਤ ਵਾਰ, ਰਾਤ ਨੂੰ ਉਹਨਾਂ ਚਿੱਕੜ ਵਾਲੇ ਖੇਤਾਂ ਵਿਚੋਂ ਦੀ ਲੰਘਣਾ, ਕਿਸੇ ਦੀ ਸਹਾਇਤਾ ਕਰਨ ਦੀ ਕੋਸ਼ਿਸ ਕਰਨੀ, ਸ਼ਾਇਦ ਇਸ ਦੇ ਲਈ ਇੱਕ ਪੈਸਾ ਵੀ ਨਾ ਮਿਲੇ, ਪਰ ਇਹ ਬਿਲਕੁਲ ਠੀਕ ਹੈ । ਮੈਂ ਕਿਹਾ, "ਯਿਸੂ ਨੇ ਵਚਨ ਵਿੱਚ ਕਿਹਾ ਹੈ, 'ਧੰਨ ਉਹ ਜਿਹੜੇ ਦਯਾਵਾਨ ਹਨ ਕਿਓਂ ਜੋ ਉਨ੍ਹਾਂ ਉੱਤੇ ਦਯਾ ਕੀਤੀ ਜਾਵੇਗੀ'" । ਅਤੇ ਇਹ ਸੱਚ ਹੈ ।

28 ਅਤੇ ਅੱਜ ਰਾਤ ਅਸੀਂ ਕਲੀਸਿਯਾ ਨੂੰ, ਇਹਨਾਂ ਤਿੰਨ ਪਾਠਾਂ ਵਿੱਚ ਰੱਖਣਾ ਚਾਹੁੰਦੇ ਹਾਂ, ਜੇ ਪਰਮੇਸ਼ੁਰ ਆਗਿਆ ਦਿੰਦਾ ਹੈ ਤਾਂ, ਵੇਖਾਂਗੇ ਕਿ ਅਸੀਂ ਕੀ ਹਾਂ ਅਤੇ ਕਿਵੇਂ ਅਤੇ ਕਿਸ ਵਲ ਵੇਖਣਾ ਹੈ । ਅਸੀਂ ਪੌਲੁਸ ਦੇ ਅਫ਼ਸੁਸ ਨੂੰ ਪਹਿਲੇ ਪੱਤਰ ਦੇ ਪਹਿਲੇ ਅਧਿਆਏ ਤੋਂ ਸ਼ੁਰੂ ਕਰਨ ਜਾ ਰਹੇ ਹਾਂ । ਅਤੇ ਅਸੀਂ ਅਗਲੇ ਤਿੰਨ ਅਧਿਐਨਾਂ ਵਿੱਚ ਪਹਿਲੇ ਤਿੰਨ ਅਧਿਆਏ ਲਵਾਂਗੇ, ਜੇ ਅਸੀਂ ਕਰ ਸਕੇ ਤਾਂ, ਇੱਕ ਸ਼ਾਮ ਵਿੱਚ ਇੱਕ ਅਧਿਆਏ ਨੂੰ ਲਵਾਂਗੇ । ਅੱਜ ਰਾਤ, ਬੁੱਧਵਾਰ ਅਤੇ ਅਗਲੇ ਐਤਵਾਰ ਸਵੇਰੇ ।ਅਫ਼ਸੀਆਂ, ਪਹਿਲਾ ਅਧਿਆਏ । ਹੁਣ ਜਿਵੇਂ ਅਸੀਂ ਇੱਕਠੇ ਅਧਿਐਨ ਕਰ ਰਹੇ ਹਾਂ, ਤਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ, ਕਿ ਅਫ਼ਸੀਆਂ ਦੀ ਇਹ ਪੁਸਤਕ ਪੁਰਾਣੇ ਨੇਮ ਵਿੱਚ ਯਹੋਸ਼ੁਆ ਦੀ ਕਿਤਾਬ ਨਾਲ ਸੰਪੂਰਣ ਤੌਰ ਤੇ ਸਮਾਨੰਤਰ ਹੈ ।ਅਫ਼ਸੀਆਂ, ਅਫ਼ਸੀਆਂ ਦੀ ਪੁਸਤਕ ।

29 ਹੁਣ, ਯਾਦ ਰੱਖਣਾ, ਜੇਕਰ ਅਸੀਂ ਤੁਹਾਡੀ ਸਿੱਖਿਆ ਤੋਂ ਥੋੜਾ ਬਾਹਰ ਜਾਂਦੇ ਹਾਂ, ਤਾਂ ਸਾਨੂੰ ਮਾਫ਼ ਕਰਨਾ ਅਤੇ ਕੁਝ ਦੇਰ ਲਈ ਸਾਡੇ ਨਾਲ ਸਹਿ ਲੈਣਾ । ਇਸ ਤੋਂ ਪਹਿਲਾਂ ਕਿ ਅਸੀਂ ਇਸ ਨੂੰ ਖੋਲੀਏ, ਆਓ ਉਸ ਤੋਂ ਸਹਾਇਤਾ ਮੰਗੀਏ, ਜਿਵੇਂ ਅਸੀਂ ਆਪਣੇ ਸਿਰਾਂ ਨੂੰ ਝੁਕਾਉਂਦੇ ਹਾਂ ।

30 ਪ੍ਰਭੂ, ਅਸੀਂ ਤੇਰੇ ਪਾਕ ਅਤੇ ਪਵਿੱਤਰ ਵਚਨ ਵਲ ਜਾ ਰਹੇ ਹਾਂ, ਜਿਹੜਾ ਸਾਰੇ ਅਸਮਾਨ ਅਤੇ ਧਰਤੀ ਨਾਲੋਂ ਵਧੇਰੇ ਸੁਰੱਖਿਅਤ ਹੈ । ਕਿਉਂਕਿ ਅਸੀਂ ਇਸ ਵਚਨ ਵਿਚੋਂ ਪੜਦੇ ਹਾਂ, ਬਾਈਬਲ ਵਿੱਚ ਕਿਹਾ ਗਿਆ ਹੈ, ਕਿ, "ਅਕਾਸ਼ ਅਤੇ ਧਰਤੀ ਟਲ ਸਕਦੇ ਹਨ ਪਰ ਮੇਰੇ ਵਚਨ ਕਦੇ ਨਹੀਂ ਟਲਣਗੇ" । ਫਿਰ, ਇਸ ਗੰਭੀਰ ਘੜੀ ਵਿੱਚ ਜੱਦ ਮੈਂ ਅੱਜ ਰਾਤ ਪ੍ਰਚਾਰ ਮੰਚ ਉੱਤੇ ਆਇਆ ਹਾਂ, ਤੇਰੇ ਲਹੂ ਨਾਲ ਖਰੀਦੇ ਹੋਇਆਂ ਦੇ ਸਾਹਮਣੇ, ਇਹ ਅਨਮੋਲ ਪਿਆਰੇ ਪ੍ਰਾਣੀ ਜਿਹੜੇ ਇਥੇ ਬੈਠੇ ਹੋਏ ਹਨ, ਹਰੇਕ ਛੋਟੀ ਉਮੀਦ ਨੂੰ ਤਕੜਾਈ ਨਾਲ ਫੜਦੇ ਹੋਏ ਜਿਨੀਂ ਤਕੜਾਈ ਨਾਲ ਉਹ ਫੜ ਸਕਦੇ ਹਨ, ਉਸ ਪ੍ਰਕਾਸ਼ ਲਈ ਡਟੇ ਰਹਿਣ ਲਈ ਜਿਹੜਾ ਆਉਣ ਵਾਲਾ ਹੈ । ਅੱਜ ਰਾਤ, ਇਹ ਇੰਨਾ ਉਪਯੁਕਤ ਹੋ ਜਾਵੇ, ਕਿ ਇਸ ਜਗਾ ਤੇ ਹਰੇਕ ਵਿਸ਼ਵਾਸੀ ਆਪਣੇ ਅਹੁਦੇ ਨੂੰ ਵੇਖ ਸਕੇ, ਅਤੇ ਉਹ ਹਰੇਕ ਜਿਹੜਾ ਇਸ ਮਹਾਨ ਸੰਗਤੀ ਵਿੱਚ ਅਜੇ ਤੱਕ ਨਹੀਂ ਆਇਆ, ਉਹ ਰਾਜ ਲਈ ਕਾਹਲੀ ਕਰੇ, ਪ੍ਰਭੂ, ਅਤੇ ਤੱਦ ਤਕ ਬੂਹੇ ਨੂੰ ਖੜਕਾਵੇ ਜੱਦ ਤੱਕ ਰਖਵਾਲਾ ਬੂਹੇ ਨੂੰ ਨਾ ਖੋਲ ਦਵੇ । ਇਹਬਖ਼ਸ ਦੇਹ, ਪ੍ਰਭੂ ।

31 ਅਸੀਂ ਇਸ ਜਗਾ ਤੇ ਬਾਈਬਲ ਵਿਚੋਂ ਪੜ ਰਹੇ ਹਾਂ ਜਿਸਦਾ ਕੋਈ ਨਿਜੀ ਅਨੁਵਾਦ ਨਹੀਂ ਹੈ । ਪਰਮੇਸ਼ੁਰ, ਮੈਨੂੰ ਤੇਰੇ ਸੇਵਕ ਨੂੰ ਜਾਂ ਕੋਈ ਵੀ ਹੋਰ ਸੇਵਕ ਨੂੰ ਵਰਜ ਦੇ ਕਿ ਕਦੇ ਵੀ ਵਚਨ ਵਿੱਚ ਆਪਣਾ ਨਿਜੀ ਅਨੁਵਾਦ ਨਾ ਮਿਲਾ ਸਕਣ । ਬੱਸ ਅਸੀਂ ਸਿਰਫ ਇਸ ਨੂੰ ਪੜ੍ਹੀਏ ਅਤੇ ਇਸ ਤੇ ਵਿਸ਼ਵਾਸ ਕਰੀਏ, ਜਿਸ ਤਰਾਂ ਇਹ ਲਿਖੀ ਹੋਈ ਹੈ । ਅਤੇ ਖ਼ਾਸ ਤੌਰ ਤੇ ਅਸੀਂ ਜਿਹੜੇ ਝੁੰਡਾਂ ਦੇ ਚਰਵਾਹੇ ਹਾਂ, ਅਸੀਂ ਪਾਸਟਰ ਜਿਹੜੇ ਕਿਸੇ ਦਿਨ ਛੋਟੇ ਝੁੰਡਾਂ ਦੇ ਨਾਲ ਉਸ ਮਹਾਨ ਧਰਤੀ ਵਿੱਚ ਇੱਕਠੇ ਹੋਵਾਂਗੇ, ਅਤੇ ਅਸੀਂ ਪ੍ਰਭੂ ਯਿਸੂ ਦੀ ਹਜ਼ੂਰੀ ਵਿੱਚ ਖੜੇ ਹੋਵਾਂਗੇ ਅਤੇ ਉਸ ਪੀੜ੍ਹੀ ਨੂੰ ਆਉਂਦੇ ਹੋਏ ਵੇਖਾਂਗੇ, ਪੌਲੂਸ ਦੀ, ਅਤੇ ਪਤਰਸ, ਅਤੇ ਲੂਕਾ ਦੀ, ਅਤੇ ਮਰਕੁਸ, ਅਤੇ ਮਤੀ ਅਤੇ ਉਹਨਾਂ ਸਾਰਿਆਂ ਨੂੰ, ਅਤੇ ਉਸ ਜਗਾ ਤੇ ਉਹਨਾਂ ਦੇ ਝੁੰਡਾਂ ਦੇ ਨਾਲ ਉਹਨਾਂ ਦਾ ਨਿਆਂ ਹੁੰਦਿਆਂ ਵੇਖਾਂਗੇ । ਪਰਮੇਸ਼ੁਰ, ਇਹ ਹੋਣ ਦੇ ਕਿ ਮੈਂ ਤੇਰੇ ਚਰਨਾਂ ਵਿੱਚ ਦੱਸ ਹਜਾਰ ਟਰਾਫੀਆਂ ਰੱਖ ਸਕਾਂ ਜੱਦ ਮੈਂ ਨਿਮਰਤਾ ਪੂਰਵਕ ਘਿਸਰਦਾ ਹੋਇਆ ਉੱਪਰ ਆਵਾਂ ਅਤੇ ਤੇਰੇ ਅਨਮੋਲ ਚਰਨਾਂ ਉੱਤੇ ਆਪਣੇ ਹੱਥਾਂ ਨੂੰ ਰੱਖਾਂ, ਅਤੇ ਆਖਾਂ, "ਪ੍ਰਭੂ, ਇਹ ਤੇਰੇ ਹਨ" ।

32 ਹੇ ਪਰਮੇਸ਼ੁਰ, ਸਾਨੂੰ ਫਿਰ ਤੋਂ ਆਪਣੀ ਆਤਮਾ ਨਾਲ ਭਰ, ਅਤੇ ਆਪਣੇ ਪ੍ਰੇਮ ਅਤੇ ਭਲਿਆਈ ਨਾਲ । ਅਤੇ ਕਾਸ਼ ਅਸੀਂ, ਜਿਵੇਂ ਕਵੀ ਨੇ ਕਈ ਸਾਲ ਪਹਿਲਾਂ ਗੀਤ ਵਿੱਚ ਵਿਅਕਤ ਕੀਤਾ ਹੈ, "ਮਰਦੇ ਹੋਏ ਪਿਆਰੇ ਮੇਮਨੇ, ਤੇਰਾ ਅਨਮੋਲ ਲਹੂ ਕਦੇ ਵੀ ਆਪਣੀ ਸਮਰਥ ਨੂੰ ਨਹੀਂ ਗੁਆਵੇਗਾ, ਜੱਦ ਤਕ ਪਰਮੇਸ਼ੁਰ ਦੀ ਮੁੱਲ ਦੇ ਕੇ ਛੁਡਾਈ ਹੋਈ ਕਲੀਸਿਯਾ ਸਾਰੀ ਦੀ ਸਾਰੀ ਬਚਾਈ

ਨਾ ਜਾਵੇ ਤਾਂ ਜੋ ਉਹ ਹੋਰ ਪਾਪ ਨਾ ਕਰੇ । ਅਤੇ ਜੱਦ ਤੋਂ, ਵਿਸ਼ਵਾਸ ਦੁਆਰਾ, ਮੈਂ ਉਸ ਦਰਿਆ ਨੂੰ ਵੇਖਿਆ ਹੈ ਜਿਹੜੇ ਤੇਰੇ ਜਖ਼ਮ ਤੋਂ ਵੱਗਦਾ ਹੈ; ਛੁਡਾਉਣ ਵਾਲਾ ਪ੍ਰੇਮ ਮੇਰਾ ਵਿਸ਼ਾ ਬਣ ਗਿਆ ਹੈ, ਅਤੇ ਮੇਰੇ ਮਰਨ ਤੱਕ ਇਹ ਰਹੇਗਾ । ਅਤੇ ਫਿਰ ਇੱਕ ਸ਼ਾਨਦਾਰ, ਮਧੁਰ ਗੀਤ ਵਿੱਚ," ਉਹ ਕਹਿਣ ਲਗਦਾ ਹੈ, "ਮੈਂ ਤੇਰੀ ਬੱਚਾਉਣ ਵਾਲੀ ਸਾਮਰਥ ਨੂੰ ਗਾਵਾਂਗਾ, ਜਦ ਤੱਕ ਇਹ ਨਿਮਾਣੀ ਤੋਤਲੀ, ਥਥਲਾਉਂਦੀ ਜੁਬਾਨ ਕਬਰ ਵਿੱਚ ਜਾ ਕੇ ਸ਼ਾਂਤ ਨਹੀਂ ਹੋ ਜਾਂਦੀ" । ਫਿਰ, ਕਬਰ ਤੁਹਾਡੀਆਂ ਸੰਤਾਨਾਂ ਲਈ ਮੌਤ ਨੂੰ ਫੜ ਕੇ ਨਹੀਂ ਰੱਖ ਸਕਦੀ । ਇਹ ਕੇਵਲ ਇੱਕ ਅਰਾਮ ਕਰਨ ਦੀ ਜਾਂ ਇੱਕ ਲੁਕਣ ਦੀ ਥਾਂ ਹੈ, ਜਿਥੇ ਇਹ ਨਾਸ਼ਵਾਨ ਅਵਿਨਾਸ਼ੀ ਨੂੰ ਪਹਿਣ ਲਵੇਗਾ ।

33 ਹੋਣ ਦੇ, ਪ੍ਰਭੂ, ਕਿ ਅੱਜ ਰਾਤ ਅਸੀਂ ਇਸ ਨੂੰ ਸਪਸ਼ਟ ਤੌਰ ਤੇ ਵੇਖ ਸਕੀਏ, ਜਿਵੇਂ ਇਹ ਸਾਨੂੰ ਵਚਨ ਵਿੱਚ ਦਿੱਤਾ ਗਿਆ ਹੈ । ਸਾਨੂੰ ਸਮਝ ਦੇ । ਅਤੇ ਪ੍ਰਭੂ, ਸਾਨੂੰ ਆਪਣੇ ਫ਼ਰਜ਼ ਦੇ ਸਥਾਨ ਤੇ ਰੱਖ, ਤਾਂ ਜੋ ਅਸੀਂ ਤੇਰੇ ਆਉਣ ਤੱਕ ਵਫਾਦਾਰੀ ਨਾਲ ਸੇਵਾ ਕਰੀਏ । ਅਸੀਂ ਯਿਸੂ ਮਸੀਹ ਦੇ ਨਾਮ ਵਿੱਚ ਅਤੇ ਉਸ ਦੀ ਖਾਤਿਰ ਮੰਗਦੇ ਹਾਂ । ਆਮੀਨ ।

34 ਹੁਣ, ਅਫ਼ਸੀਆਂ ਦੀ ਪੁਸਤਕ, ਜਿਵੇਂ ਮੈਂ ਹੁਣੇ ਹੁਣੇ ਕਹਿ ਰਿਹਾ ਸੀ, ਮੈਂ… ਮੇਰੇ ਖਿਆਲ ਨਾਲ, ਨਵੇਂ ਨੇਮ ਦੀਆਂ ਮਹਾਨ ਪੁਸਤਕਾਂ ਵਿਚੋਂ ਇੱਕ ਹੈ । ਇਹ ਸਾਨੂੰ ਉਥੇ ਛੱਡਦੀ ਹੈ, ਜਿਥੇ ਕੈਲਵਿਨਿਜ਼ਮ ਇੱਕ ਟਾਹਣੀ ਤੇ ਚਲਾ ਜਾਂਦਾ ਹੈ ਅਤੇ ਅਰਮੀਨੀਵਾਦ ਦੂਸਰੀ ਟਾਹਣੀ ਤੇ ਚਲਾ ਜਾਂਦਾ ਹੈ, ਪਰ ਅਫ਼ਸੀਆਂ ਦੀ ਪੁਸਤਕ ਇਸ ਨੂੰ ਇੱਕਠਿਆਂ ਕਰਦੀ ਹੈ ਅਤੇ ਕਲੀਸਿਯਾ ਨੂੰ ਆਪਣੇ ਸਥਾਨ ਤੇ ਰੱਖਦੀ ਹੈ ।

35 ਹੁਣ, ਮੈਂ ਇਸ ਨੂੰ ਯਹੋਸ਼ੁਆ ਨਾਲ ਮਿਲਾਇਆ ਹੈ । ਜੇ ਤੁਸੀਂ ਧਿਆਨ ਦਿਓ, ਇਸਰਾਇਲ ਨੂੰ ਮਿਸ਼ਰ ਵਿਚੋਂ ਬਾਹਰ ਲਿਆਂਦਾ ਗਿਆ ਸੀ, ਅਤੇ ਉਹਨਾਂ ਦੀ ਯਾਤਰਾ ਦੇ ਤਿੰਨ ਪੜਾਅ ਸਨ । ਪਹਿਲਾ ਪੜਾਅ, ਮਿਸ਼ਰ ਨੂੰ ਛੱਡਣਾ ਸੀ । ਅਗਲਾ ਪੜਾਅ, ਉਜਾੜ ਸੀ । ਅਤੇ ਉਸ ਤੋਂ ਅਗਲਾ ਪੜਾਅ, ਕਨਾਨ ਸੀ ।

36 ਹੁਣ, ਕਨਾਨ ਹਜਾਰ ਸਾਲਾ ਰਾਜ ਦੇ ਯੁੱਗ ਨੂੰ ਪ੍ਰਦਰਸ਼ਿਤ ਨਹੀਂ ਕਰਦਾ । ਇਹ ਕੇਵਲ ਜਿੱਤ ਪ੍ਰਾਪਤ ਕਰਨ ਦੇ ਯੁੱਗ ਨੂੰ ਪ੍ਰਦਰਸ਼ਿਤ ਕਰਦਾ ਹੈ, ਜਿੱਤ ਪ੍ਰਾਪਤ ਕਰਨ ਦਾ ਕਾਲ, ਕਿਓਂਕਿ ਕਨਾਨ ਵਿੱਚ ਉਹਨਾਂ ਕਤਲ ਕੀਤੇ, ਸਹਿਰਾਂ ਨੂੰ ਸਾੜਿਆ ਅਤੇ ਉਹਨਾਂ ਤੇ ਕਬਜਾ ਕੀਤਾ । ਅਤੇ ਹਜਾਰ ਸਾਲਾ ਰਾਜ ਵਿੱਚ ਕੋਈ ਮੌਤ ਨਹੀਂ ਹੋਵੇਗੀ ।

37 ਪਰ ਇਹ ਇੱਕ ਹੋਰ ਚੀਜ ਨੂੰ ਕਰਦਾ ਹੈ, ਇਹ ਵਿਸ਼ਵਾਸ ਦੁਆਰਾ ਧਰਮੀ ਠਹਿਰਾਏ ਜਾਨ ਨੂੰ ਲੈ ਕੇ ਆਉਂਦਾ ਹੈ ਜੱਦ ਉਹਨਾਂ ਨੇ ਮੂਸਾ ਤੇ ਵਿਸ਼ਵਾਸ ਕੀਤਾ

ਅਤੇ ਮਿਸ਼ਰ ਨੂੰ ਛੱਡ ਦਿਤਾ। ਪਵਿੱਤ੍ਰੀਕਰਣ, ਅੱਗ ਦੇ ਖੰਬੇ ਹੇਠ ਪਿੱਛਾ ਕਰਨ ਲਈ ਅਤੇ ਉਜਾੜ ਵਿੱਚ ਕੁਰਬਾਨੀ ਦੇ ਲੇਲੇ ਦੇ ਪ੍ਰਾਸਚਿਤ ਲਈ। ਅਤੇ ਫਿਰ ਉਸ ਧਰਤੀ ਵਿੱਚ ਪ੍ਰਵੇਸ਼ ਕਰਨਾ ਜਿਸਦਾ ਵਾਇਦਾ ਕੀਤਾ ਗਿਆ ਸੀ।

38 ਹੁਣ, ਨਵੇਂ ਨੇਮ ਦੇ ਵਿਸ਼ਵਾਸੀ ਲਈ ਕਿਹੜੀ ਧਰਤੀ ਦਾ ਵਾਇਦਾ ਕੀਤਾ ਗਿਆ ਹੈ? ਪਵਿੱਤਰ ਆਤਮਾ ਦਾ ਵਾਇਦਾ ਕੀਤਾ ਗਿਆ ਹੈ। "ਕਿਉਂ ਜੋ ਅੰਤ ਦੇ ਦਿਨਾਂ ਵਿੱਚ ਐਉਂ ਹੋਵੇਗਾ," ਯੋਏਲ 2:28, "ਕਿ ਮੈਂ ਆਪਣਾ ਆਤਮਾ ਸਾਰੇ ਸਰੀਰਾਂ ਉੱਤੇ ਵਹਾਵਾਂਗਾ। ਤੁਹਾਡੇ ਪੁੱਤ੍ਰ ਅਤੇ ਤੁਹਾਡੀਆਂ ਧੀਆਂ ਅੰਗਮ ਵਾਕ ਕਰਨਗੇ। ਅਤੇ ਆਪਣੇ ਦਾਸਾਂ ਅਤੇ ਦਾਸੀਆਂ ਉੱਤੇ, ਮੈਂ ਆਪਣਾ ਆਤਮਾ ਵਹਾਵਾਂਗਾ, ਅਤੇ ਉਹ ਅਗੰਮ ਵਾਕ ਕਰਨਗੇ। ਮੈਂ ਅਕਾਸ਼ ਉੱਤੇ ਅਚੰਭੇ ਵਿਖਾਵਾਂਗਾ। ਅਤੇ ਧਰਤੀ ਉੱਤੇ ਲਹੂ, ਅੱਗ ਅਤੇ ਧੂੰਏਂ ਦੇ ਥੰਮ੍ਹ ਵਿਖਾਵਾਂਗਾ"। ਅਤੇ ਪਤਰਸ ਨੇ, ਪੰਤੇਕੁਸਤ ਦੇ ਦਿਨ, ਪ੍ਰਚਾਰ ਕਰਨ ਤੋਂ ਬਾਅਦ ਕਿਹਾ, "ਤੋਬਾ ਕਰੋ ਅਤੇ ਤੁਹਾਡੇ ਵਿਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਵੇ," ਸਾਰੇ ਗੁਨਾਹਾਂ ਦੀ ਮਾਫ਼ੀ ਦੇ ਲਈ।

39 ਕੀ ਤੁਸੀਂ ਧਿਆਨ ਦਿੱਤਾ, ਯਹੋਸ਼ੁਆ, ਉਹਨਾਂ ਦੇ ਯਰਦਨ ਪਾਰ ਕਰਨ ਤੋਂ ਪਹਿਲਾਂ, ਯਹੋਸ਼ੁਆ ਨੇ ਕਿਹਾ, "ਡੇਰੇ ਵਿਚ ਦੀ ਜਾਓ ਅਤੇ ਆਪਣੇ ਕਪੜਿਆਂ ਨੂੰ ਸਾਫ਼ ਕਰੋ ਅਤੇ ਤੁਹਾਡੇ ਵਿਚੋਂ ਹਰੇਕ ਆਪਣੇ ਆਪ ਨੂੰ ਸ਼ੁੱਧ ਕਰੇ, ਅਤੇ ਕੋਈ ਆਦਮੀ ਆਪਣੀ ਪਤਨੀ ਕੋਲ ਨਾ ਜਾਵੇ, ਕਿਉਂਕਿ ਤਿੰਨਾਂ ਦਿਨਾਂ ਦੇ ਵਿੱਚ ਤੁਸੀਂ ਪਰਮੇਸ਼ੁਰ ਦੀ ਮਹਿਮਾ ਨੂੰ ਵੇਖੋਗੇ"। ਵੇਖਿਆ? ਇਹ ਹੈ-ਇਹ ਵਾਦੇ ਦੇ ਵਾਰਸ ਹੋਣ ਲਈ ਇੱਕ ਪ੍ਰਕਿਰਿਆ ਹੈ। ਹੁਣ, ਇਸਰਾਇਲ ਲਈ ਜਿਹੜਾ ਵਾਇਦਾ ਸੀ, ਉਹ ਸੀ, ਪਰਮੇਸ਼ੁਰ ਨੇ ਅਬਰਾਹਾਮ ਨੂੰ ਇੱਕ ਧਰਤੀ ਦਾ ਵਾਇਦਾ ਦਿੱਤਾ ਸੀ, ਉਹ ਫਿਲਸਤੀਨ ਦੀ ਧਰਤੀ ਸੀ, ਅਤੇ ਇਹ ਹਮੇਸ਼ਾ ਦੇ ਲਈ ਉਹਨਾਂ ਦੇ ਕਬਜੇ ਵਿੱਚ ਰਹਿਣੀ ਸੀ। ਅਤੇ ਉਹਨਾਂ ਹਮੇਸ਼ਾ ਦੇ ਲਈ ਇਸ ਧਰਤੀ ਵਿੱਚ ਰਹਿਣਾ ਸੀ।

40 ਹੁਣ, ਵਾਇਦਾ ਕੀਤੀ ਹੋਈ ਧਰਤੀ ਵਿੱਚ ਆਉਣ ਲਈ ਉਹ ਤਿੰਨ ਪੜਾਂਵਾਂ ਵਿੱਚ ਦੀ ਆਏ। ਹੁਣ ਵੇਖੋ, ਨਵੇਂ ਨੇਮ ਵਿੱਚ ਬਿਲਕੁਲ ਇਸ ਦਾ ਨਮੂਨਾ ਹੈ।

41 ਹੁਣ ਇਹ, ਜਿਵੇਂ ਮੈਂ ਆਖਿਆ ਸੀ, ਤੁਹਾਡੇ ਵਿਚੋਂ ਕਈਆਂ ਦੀ ਸੋਚ ਨਾਲ ਅਸਹਿਮਤ ਹੋਵੇਗਾ, ਤੁਹਾਡੇ ਵਿਚੋਂ ਕੁਝ ਨਾਜ਼ਰੀਨ ਲੋਕ, ਚਰਚ ਆਫ ਗੋਡ, ਅਤੇ ਹੋਰ ਕਈਆਂ ਨਾਲ, ਇਸ ਨਾਲ ਠੋਕਰ ਨਾ ਖਾਵੋ, ਪਰ ਸਿਰਫ ਇਸ ਨੂੰ ਧਿਆਨ ਨਾਲ ਵੇਖੋ ਅਤੇ ਨਮੂਨਿਆਂ ਨੂੰ ਵੇਖੋ। ਧਿਆਨ ਦਿਓ ਅਤੇ ਵੇਖੋ ਕੀ ਹਰ ਇੱਕ ਥਾਂ ਸਿੱਧ ਨਹੀਂ ਬੈਠਦੀ।

42 ਉਸ ਯਾਤਰਾ ਦੇ ਤਿੰਨ ਪੜਾਅ ਸਨ, ਅਤੇ ਇਸ ਯਾਤਰਾ ਦੇ ਵੀ ਤਿੰਨ ਪੜਾਅ ਹਨ। ਕਿਉਂਕਿ, ਅਸੀਂ ਨਿਹਚਾ ਦੁਆਰਾ ਧਰਮੀ ਠਹਿਰੇ ਹਾਂ, ਯਿਸੂ ਮਸੀਹ ਤੇ ਨਿਹਚਾ ਕਰਨ ਰਾਹੀਂ, ਮਿਸ਼ਰ ਦੀ ਧਰਤੀ ਨੂੰ ਤਿਆਗਣ ਨਾਲ, ਬਾਹਰ ਨਿਕਲ ਕੇ। ਅਤੇ ਫਿਰ ਉਸ ਦੇ ਲਹੂ ਦੀ ਭੇਂਟ ਦੁਆਰਾ ਪਵਿੱਤ੍ਰ ਕੀਤੇ ਗਏ, ਆਪਣੇ ਪਾਪਾਂ ਤੋਂ ਧੋ ਦਿੱਤੇ ਗਏ ਅਤੇ ਪ੍ਰਦੇਸੀ ਅਤੇ ਮੁਸਾਫ਼ਰ ਬਣ ਗਏ ਹਾਂ, ਦਾਅਵਾ ਕਰ ਰਹੇ ਹਾਂ ਕਿ ਅਸੀਂ ਇੱਕ ਧਰਤੀ ਦੀ ਖੋਜ ਵਿੱਚ ਹਾਂ, ਇੱਕ ਸ਼ਹਿਰ ਜਿਹੜਾ ਆਉਣ ਵਾਲਾ ਹੈ, ਜਾਂ ਇੱਕ ਵਾਅਦਾ।

43 ਇਸੇ ਤਰਾਂ ਇਸਰਾਇਲ ਨੇ ਉਜਾੜ ਵਿੱਚ ਕੀਤਾ, ਪ੍ਰਦੇਸੀ, ਅਰਾਮ ਲਈ ਕੋਈ ਥਾਂ ਨਹੀਂ, ਅੱਗ ਦੇ ਥੰਮ੍ਹ ਦੇ ਪਿੱਛੇ, ਰਾਤ ਬਰ ਰਾਤ ਸਫਰ ਕਰ ਰਹੇ ਸਨ, ਪਰ ਅਖੀਰ ਉਹ ਵਾਅਦਾ ਕੀਤੀ ਹੋਈ ਧਰਤੀ ਵਿੱਚ ਆ ਗਏਜਿਥੇ ਉਹ ਵੱਸ ਗਏ।

44 ਇਹ ਉਹੀ ਹੈ ਜਿਥੇ ਵਿਸ਼ਵਾਸੀ ਆਉਂਦਾ ਹੈ। ਪਹਿਲਾਂ ਉਸ ਨੂੰ ਇਹ ਪਤਾ ਲਗਦਾ ਹੈ ਕਿ ਉਹ ਇੱਕ ਪਾਪੀ ਹੈ; ਫਿਰ ਉਸ ਨੂੰ ਜਲ ਦੁਆਰਾ ਵੱਖਰਾ ਕੀਤਾ ਜਾਂਦਾ ਹੈ, ਜਲ ਦੁਆਰਾ ਧੋਤਾ ਜਾਣਾ, ਲਹੂ ਦੁਆਰਾ, ਅਤੇ...ਜਾਂ ਜਲ, ਸਗੋਂ, ਵਚਨ ਦੁਆਰਾ ਧੋਤਾ ਜਾਣਾ, ਪ੍ਰਭੂ ਯਿਸੂ ਮਸੀਹ ਤੇ ਨਿਹਚਾ ਕਰਣ ਦੁਆਰਾ। ਫਿਰ, ਨਿਹਚਾ ਰਾਹੀਂ ਧਰਮੀ ਠਹਿਰਣਾ, ਉਹ ਇੱਕ ਭਾਗੀਦਾਰ ਬਣਦਾ ਹੈ, ਅਤੇ ਮਸੀਹ ਰਾਹੀਂ, ਪਰਮੇਸ਼ੁਰ ਨਾਲ ਸੁਲਹ ਹੁੰਦੀ ਹੈ, ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਜਾਂਦਾ ਹੈ, ਤਾਂ ਜੋ ਉਸ ਨੂੰ ਯਾਤਰਾ ਵਿੱਚ ਭੇਜਿਆ ਜਾਵੇ। ਤੁਸੀਂ ਇਸ ਨੂੰ ਸਮਝ ਰਹੇ ਹੋ? ਯਾਤਰਾ ਦੇ ਵਿੱਚ! ਫਿਰ ਉਹ ਇੱਕ ਪ੍ਰਦੇਸੀ ਅਤੇ ਇੱਕ ਮੁਸਾਫ਼ਰ ਬਣ ਜਾਂਦਾ ਹੈ। ਉਹ ਕਾਹਦੇ ਲਈ ਯਾਤਰਾ ਕਰ ਰਿਹਾ ਹੁੰਦਾ ਹੈ? ਇੱਕ ਵਾਅਦੇ ਲਈ ਜਿਹੜਾ ਪਰਮੇਸ਼ੁਰ ਨੇ ਦਿੱਤਾ ਸੀ।

45 ਇਸਰਾਇਲ ਨੂੰ ਅਜੇ ਵਾਅਦਾ ਨਹੀਂ ਮਿਲਿਆ ਸੀ, ਪਰ ਉਹ ਆਪਣੀ ਯਾਤਰਾ ਵਿੱਚ ਸਨ। ਅਤੇ ਬਿਨਾ ਉਠਾਏ...ਕਿਰਪਾ ਕਰਕੇ ਸਮਝੋ। ਇਥੇ ਹੀ ਤੁਸੀਂ, ਨਾਜ਼ਰੀਨ ਅਤੇ ਪਿਲਗ੍ਰਿਮ ਹੋਲੀਨੈਸ ਅਤੇ ਹੋਰ ਬਹੁਤ ਸਾਰੇ ਡਿੱਗ ਗਏ। ਕਿਉਂਕਿ, ਜੱਦ ਇਸਰਾਇਲ ਕਾਦੇਸ਼-ਬਰਨੇਆ ਵਿੱਚ ਆਇਆ, ਜਦੋਂ ਜਸੂਸ ਉਥੇ ਗਏ ਅਤੇ ਕਿਹਾ, “ਉਹ ਧਰਤੀ ਬਹੁਤ ਵਧੀਆ ਹੈ”। ਪਰ ਉਹਨਾਂ ਵਿਚੋਂ ਕੁਝ ਨੇ ਵਾਪਸ ਆ ਕੇ ਕਿਹਾ, “ਅਸੀਂ ਇਸ ਨੂੰ ਨਹੀਂ ਲੈ ਸਕਦੇ, ਕਿਉਂਕਿ ਸਹਿਰਾਂ ਦੇ ਚੁਫ਼ੇਰੇ ਕੰਧਾਂ ਹਨ”। ਪਰ ਯਹੋਸ਼ੁਆ ਅਤੇ ਕਾਲੇਬ ਖੜੇ ਹੋ ਗਏ ਅਤੇ ਕਿਹਾ, “ਅਸੀਂ ਇਸ ਨੂੰ ਲੈਣ ਲਈ ਯੋਗ ਤੋਂ ਵੀ ਵੱਧ ਕੇ ਹਾਂ!” ਉਹਨਾਂ ਨੇ ਪਹਿਲਾਂ ਤੋਂ ਹੀ ਦਸਤਖਤ ਕੀਤੇ ਕਾਗਜੀ ਬਿਆਨਾਂ ਕਾਰਨ, ਉਹਨਾਂ ਕਿਰਪਾ ਦੇ ਦੋ ਕੰਮਾਂ ਵਿੱਚ ਹੀ ਵਿਸ਼ਵਾਸ ਕੀਤਾ, ਧਰਮੀ ਠਹਿਰਾਏ ਜਾਣਾ ਅਤੇ ਪਵਿਤ੍ਰੀਕਰਣ, ਅਤੇ

ਉਹ ਹੋਰ ਜਰਾ ਵੀ ਅਗਾਂਹ ਨਹੀਂ ਵੱਧ ਸਕੇ । ਅਤੇ, ਸੁਣੋ, ਉਹ ਸਾਰੀ ਪੀੜ੍ਹੀ ਉਜਾੜ ਵਿੱਚ ਹੀ ਨਾਸ਼ ਹੋ ਗਈ । ਪਰ ਉਹ ਦੋ ਜਿਹੜੇ ਵਾਅਦਾ ਕੀਤੀ ਹੋਈ ਧਰਤੀ ਵਿੱਚ ਗਏ ਸਨ ਅਤੇ ਇਸ ਸਬੂਤ ਨੂੰ ਲੈ ਕੇ ਆਏ ਕਿ ਉਹ ਇੱਕ ਚੰਗੀ ਧਰਤੀ ਸੀ, "ਅਤੇ ਅਸੀਂ ਇਸ ਨੂੰ ਲੈਣ ਲਈ ਯੋਗ ਤੋ ਵੀ ਵੱਧ ਕੇ ਸੀ, ਕਿਉਂਕਿ ਇਹ ਪਰਮੇਸ਼ੁਰ ਦਾ ਵਾਅਦਾ ਸੀ" । ਫਿਰ ਇਸ ਦੀ ਬਜਾਏ ਕਿ ਲੋਕ ਅਗਾਂਹ ਵੱਧਣ, ਪਵਿੱਤ੍ਰ ਆਤਮਾ ਪ੍ਰਾਪਤ ਕਰਨ, ਗੈਰ ਜੁਬਾਨਾਂ ਬੋਲਣ, ਪਰਮੇਸ਼ੁਰ ਦੀ ਸ਼ਕਤੀ ਨੂੰ ਪ੍ਰਾਪਤ ਕਰਨ, ਪਵਿੱਤਰ ਆਤਮਾ ਦਾ ਬਪਤਿਸਮਾ, ਚਿਨ੍ਹ, ਅਚੰਭੇ, ਚਮਤਕਾਰ, ਉਹਨਾਂ ਮਹਿਸੂਸ ਕੀਤਾ ਕਿ ਇਹ ਉਹਨਾਂ ਸਿਧਾਂਤ ਦੇ ਰਿਵਾਜ ਨੂੰ ਭੰਗ ਕਰ ਦੇਵੇਗਾ । ਅਤੇ ਇਸ ਨਾਲ ਕੀ ਹੋਇਆ? ਧਰਤੀ ਵਿੱਚ ਨਾਸ਼ ਹੋ ਗਏ! ਇਹ ਠੀਕ ਹੈ ।

46 ਪਰ ਵਿਸ਼ਵਾਸੀ, ਕਾਲੇਬ ਅਤੇ ਯਹੋਸ਼ੁਆ ਦਾ ਜਥਾ, ਜਿਹੜਾ ਵਾਅਦੇ ਵਲ੍ਹ ਜਾ ਰਿਹਾ ਸੀ, ਉਹ ਅਗਾਂਹ ਵੱਧਦੇ ਹੋਏ ਧਰਤੀ ਵਿੱਚ ਚਲੇ ਗਏ, ਅਤੇ ਉਸ ਧਰਤੀ ਨੂੰ ਲੈ ਲਿਆ, ਇੱਕ ਕਬਜੇ ਵਾਂਗ, ਅਤੇ ਉਸ ਧਰਤੀ ਵਿੱਚ ਵੱਸ ਗਏ । ਅਤੇ ਅਸੀਂ ਕਦੇ ਵੀ ਧਰਮੀ ਠਹਿਰਾਏ ਜਾਣ, ਪਵਿਤ੍ਰੀਕਰਣ ਤੇ ਨਹੀਂ ਰੁੱਕਦੇ । ਆਓ ਅਸੀਂ ਪਵਿੱਤਰ ਆਤਮਾ ਦੇ ਬਪਤਿਸਮੇ ਵਲ ਚਲੀਏ । ਪ੍ਰਭੁ ਯਿਸੂ ਤੇ ਨਿਹਚਾ ਕਰਨ, ਬਪਤਿਸਮਾ ਲੈਣ ਤੱਕ ਨਾ ਰੁਕੀਏ । ਇਸ ਲਈ ਨਾ ਰੁੱਕ ਜਾਇਏ ਕਿਉਂਕਿ ਉਸ ਨੇ ਸਾਨੂੰ ਪਾਪ ਵਾਲੀ ਜਿੰਦਗੀ ਤੋਂ ਸਾਫ਼ ਕੀਤਾ । ਪਰ ਹੁਣ ਅਸੀਂ ਇੱਕ ਅਹੁਦੇ ਲਈ ਜੋਰ ਮਾਰੀਏ, ਪਵਿੱਤਰ ਆਤਮਾ ਦੇ ਬਪਤਿਸਮੇ ਦੇ ਵਾਅਦੇ ਵਲ । ਕਿਉਂਕਿ ਪਤਰਸ ਨੇ ਪੰਤੇਕੁਸਤ ਦੇ ਦਿਨ ਕਿਹਾ, "ਕਿਉਂਕਿ ਇਹ ਵਾਅਦਾ ਤੁਹਾਡੇ ਅਤੇ ਤੁਹਾਡੇ ਬਾਲਕਾਂ ਦੇ ਨਾਲ ਹੈ ਅਤੇ ਉਹਨਾਂ ਸਭਨਾਂ ਨਾਲ ਜਿਹੜੇ ਦੂਰ ਹਨ ਜਿੰਨਿਆਂ ਨੂੰ ਪ੍ਰਭੁ ਸਾਡਾ ਪਰਮੇਸ਼ੁਰ ਆਪਣੇ ਕੋਲ ਬੁਲਾਵੇ" ।

47 ਇਸ ਲਈ, ਅਫਸੀਆਂ ਸਾਨੂੰ ਯਹੋਸ਼ੁਆ ਵਾਂਗ, ਸਥਾਨ ਤੇ ਰੱਖਦਾ ਹੈ । ਤੁਸੀਂ ਧਿਆਨ ਦਿਓ, ਯਹੋਸ਼ੁਆ ਨੇ, ਧਰਤੀ ਤੇ ਜਾ ਕੇ ਅਤੇ ਧਰਤੀ ਤੇ ਕਬਜਾ ਕਰਨ ਤੋਂ ਬਾਅਦ, ਉਸ ਨੇ ਧਰਤੀ ਨੂੰ ਵੰਡਿਆ । "ਇਫ਼ਰਾਈਮ*ਇਥੇ*, ਮਨਸ਼ਹ*ਇਥੇ*, ਅਤੇ ਇਹ ਵਾਲਾ *ਇਥੇ*, ਗਾਦ *ਇਥੇ*, ਬਿਨਯਾਮੀਨ *ਇਥੇ*" । ਉਸ ਨੇ ਧਰਤੀ ਨੂੰ ਵੰਡ ਦਿੱਤਾ ।

48 ਅਤੇ ਧਿਆਨ ਦਿਓ! ਔਹ, ਇਹ ਤਾਂ ਬੱਸ ਸਾਡੇ ਦਿਲਾਂ ਨੂੰ ਸਰਗਰਮ ਕਰ ਦਿੰਦਾ ਹੈ! ਉਹਨਾਂ ਇਬਰਾਨੀ ਮਾਵਾਂ ਵਿਚੋਂ ਹਰੇਕ, ਜੱਦ ਉਹ ਉਹਨਾਂ ਬਚਿਆਂ ਨੂੰ ਜਨਮ ਦੇਂਦੀਆਂ ਸਨ, ਉਹ ਉਸੇ ਜਗਾ ਤੇ, ਆਪਣੇ ਗਰਭ ਦੀਆਂ ਪੀੜਾਂ ਵਿੱਚਬੋਲਦੀ ਸੀ, ਕਿ ਵਾਅਦਾ ਕੀਤੀ ਹੋਈ ਧਰਤੀ ਵਿੱਚ ਉਹਨਾਂ ਨੂੰ ਕਿਸ ਸਥਾਨ ਤੇ ਰੱਖਿਆ ਜਾਵੇਗਾ । ਔਹ, ਇਹ ਇੱਕ ਮਹਾਨ ਅਧਿਐਨ ਹੈ! ਜੇ

ਅਸੀਂ ਬੱਸ ਇਸ ਦੀ ਗਹਿਰਾਈ ਵਿੱਚ ਜਾ ਸਕਦੇ, ਜਿਸ ਲਈ ਘੰਟਿਆਂ ਬੱਧੀ ਸਮਾਂ ਚਾਹੀਦਾ ਹੈ । ਕਿਸੇ ਦਿਨ ਜੱਦ ਅਸੀਂ ਆਪਣੀ ਚਰਚ ਦੀ ਮੁਰੰਮਤ ਕਰ ਲਵਾਂਗੇ, ਤਾਂ ਬੱਸ ਆਉਣਾ ਪਸੰਦ ਕਰਾਂਗਾ ਅਤੇ ਠੋਸ ਇੱਕ ਜਾਂ ਦੋ ਮਹੀਨੇ ਲਵਾਂਗਾ, ਬੱਸ ਇਸੇ ਤੇ ਪ੍ਰਚਾਰ ਕਰਾਂਗਾ । ਵੇਖੋ ਜੱਦ ਉਹ, ਉਹਨਾਂ ਮਾਤਾਵਾਂ ਵਿਚੋਂ ਹਰੇਕ, ਜਦ ਉਸ ਨੇ ਪੁਕਾਰਿਆ, “ਇਫ਼ਰਾਈਮ,” ਜੱਦ ਉਹ ਗਰਭ ਦੀਆਂ ਪੀੜਾਂ ਵਿਚ ਸੀ, ਉਸ ਨੂੰ ਸਥਾਨ ਤੇ ਰਖਿਆ ਜਿਥੇ ਉਸ ਦੇ ਪੈਰ ਤੇਲ ਵਿੱਚ ਸਨ । ਬਿਲਕੁਲ ਇਸ ਤਰਾਂ ਹੀ ਉਹਨਾਂ ਵਿਚੋਂ ਹਰੇਕ ਜਿਥੇ ਵੀ ਉਹ ਹੁੰਦੇ ਸਨ!

49 ਪਰ ਯਹੋਸ਼ੁਆ, ਉਹ ਇਸ ਬਾਰੇ ਨਹੀਂ ਜਾਣਦਾ ਸੀ, ਪਰ ਪ੍ਰੇਰਣਾ ਦੁਆਰਾ, ਪਵਿੱਤਰ ਆਤਮਾ ਦੀ ਅਗਵਾਈ ਨਾਲ, ਵਾਅਦਾ ਕੀਤੀ ਹੋਈ ਧਰਤੀ ਵਿਚ ਆਉਣ ਤੋਂ ਬਾਅਦ, ਉਸ ਨੇ ਹਰੇਕ ਆਦਮੀ ਨੂੰ ਉਸ ਦਾ ਵਾਅਦਾ ਦਿੱਤਾ, ਬਿਲਕੁਲ ਉਹੀ ਜੋ ਪਵਿੱਤਰ ਆਤਮਾ ਨੇ ਜਨਮ ਰਾਹੀਂ ਵਾਅਦਾ ਕੀਤਾ ਸੀ ।

50 ਪਰਮੇਸ਼ਰ ਨੇ ਕਈਆਂ ਕਿਵੇਂ ਕੁਝ ਲੋਕਾਂ ਨੂੰ, ਗਰਭ ਦੀਆਂ ਪੀੜਾਂ ਰਾਹੀਂ ਕਲੀਸਿਯਾ ਵਿੱਚ ਰਖਿਆ ਹੈ! ਔਹ, ਕਈ ਵਾਰ ਉਹ ਬਹੁਤ ਜਿਆਦਾ ਪ੍ਰਾਪਤ ਕਰਦੇ ਹਨ । ਜੱਦ ਇੱਕ ਕਲੀਸਿਯਾ ਬਾਹਰਲੇ ਸੰਸਾਰ ਦੇ ਸਤਾਉਣ ਕਰਕੇ ਹਉਕੇ ਭਰ ਰਹੀ ਹੁੰਦੀ ਹੈ, ਪ੍ਰਭੂ ਯਿਸੂ ਤੇ ਨਿਹਚਾ ਕਰਦੇ ਹੋਏ, ਕਿ ਪਵਿੱਤਰ ਆਤਮਾ ਦਾ ਵਾਅਦਾ ਸਾਡੇ ਲਈ ਉਨਾ ਹੀ ਅਸਲ ਹੈ ਜਿੰਨਾ ਪੰਤੇਕੁਸਤ ਲਈ ਸੀ, ਕਿਵੇਂ ਉਹ ਗਰਭ ਦੀਆਂ ਪੀੜਾਂ ਕਾਰਨ ਰੋਂਦੇ ਅਤੇ ਹਉਕੇ ਭਰਦੇ ਹਨ! ਪਰ ਜਦ ਉਹ ਜਨਮ ਲੈਂਦੇ ਹਨ ਅਤੇ ਪਰਮੇਸ਼ੁਰ ਦੇ ਰਾਜ ਵਿੱਚ ਜਨਮ ਰਾਹੀਂ ਸਥਾਨ ਲੈਂਦੇ ਹਨ, ਤੱਦ ਪਵਿੱਤਰ ਆਤਮਾ ਨੇ ਕਲੀਸਿਯਾ ਵਿੱਚ ਕਈਆਂ ਨੂੰ ਰਸੂਲ, ਕਈਆਂ ਨੂੰ ਨਬੀ, ਕਈਆਂ ਨੂੰ ਉਪਦੇਸ਼ਕ, ਕਈਆਂ ਨੂੰ ਪਾਸ ਬਾਨ, ਕਈਆਂ ਨੂੰ ਪ੍ਰਚਾਰਕ ਠਹਿਰਾਇਆ ਹੈ । ਤਦ ਉਹ ਉਸ ਵਿੱਚ, ਗੈਰ ਜੁਬਾਨਾਂ ਬੋਲਣਾ, ਗੈਰ ਜ਼ੁਬਾਨਾਂ ਦਾ ਤਰਜਮਾ ਕਰਨਾ, ਗਿਆਨ, ਬੁੱਧੀ, ਚੰਗਾਈ ਦੇ ਦਾਨ, ਭਾਂਤ ਭਾਂਤ ਦੇ ਅਚੰਭੇ ਕੰਮ ਦਿੰਦਾ ਹੈ ।

51 ਕਲੀਸਿਯਾ ਜਿਸ ਜਗਾ ਤੇ ਹੈ…ਹੁਣ ਮੇਰਾ ਇਹ ਕਰਨ ਦਾ ਇਹ ਮਕਸਦ ਹੈ । ਕਲੀਸਿਯਾ ਹਮੇਸ਼ਾ ਕਿਸੇ ਹੋਰ ਦਾ ਸਥਾਨ ਲੈਣ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ । ਪਰ ਇਸ ਤਰਾਂ ਨਾ ਕਰੋ । ਜੇ ਤੁਸੀਂ ਮਨਸ਼ਹ ਹੋ ਤਾਂ ਤੁਸੀਂ ਕਦੇ ਵੀ ਇਫ਼ਰਾਈਮ ਦੇ ਥਾਂ ਤੇ ਮੱਕੀ ਨਹੀਂ ਉਗਾ ਸਕਦੇ । ਤੁਹਾਨੂੰ ਮਸੀਹ ਵਿੱਚ ਆਪਣਾ ਸਥਾਨ ਲੈਣਾ ਪੈਣਾ ਹੈ, ਉਸ ਸਥਾਨ ਨੂੰ ਲੈਣਾ ਹੈ । ਔਹ, ਜਦੋਂ ਅਸੀਂ ਇਸ ਵਿੱਚ ਆਉਂਦੇ ਹਾਂ ਤਾਂ ਇਹ ਗਹਿਰਾ ਅਤੇ ਭਰਪੂਰ ਹੋ ਜਾਂਦਾ ਹੈ, ਕਿਵੇਂ ਪਰਮੇਸ਼ਰ ਇੱਕ ਨੂੰ ਕਲੀਸਿਯਾ ਵਿੱਚ ਗੈਰ ਜ਼ੁਬਾਨਾਂ ਬੋਲਣ ਲਈ

ਰੱਖਦਾ ਹੈ, ਕਿਸੇ ਹੋਰ ਨੂੰ...ਹੁਣ, ਸਾਨੂੰ ਬਹੁਤ ਵਾਰ ਸਿਖਾਇਆ ਗਿਆ ਹੈ, "ਸਾਨੂੰ ਸਾਰਿਆਂ ਨੂੰ ਗੈਰ ਜ਼ੁਬਾਨਾਂ ਵਿੱਚ ਬੋਲਣਾ ਪਵੇਗਾ" । ਇਹ ਗਲਤ ਹੈ । "ਸਾਨੂੰ ਸਾਰਿਆਂ ਨੂੰ ਇਹ ਕਰਨਾ ਚਾਹੀਦਾ ਹੈ" । ਨਹੀਂ, ਸਾਨੂੰ ਨਹੀਂ ਚਾਹੀਦਾ । ਉਹ ਸਾਰੇ ਇੱਕੋ ਹੀ ਕੰਮ ਨਹੀਂ ਕਰਦੇ ਸਨ । ਹਰੇਕ...

52 ਹਰੇਕ ਨੂੰ, ਜ਼ਮੀਨ ਪ੍ਰਦਾਨ ਕੀਤੀ ਗਈ ਅਤੇ ਪ੍ਰੇਰਨਾ ਰਾਹੀਂ ਵੰਡੀ ਗਈ । ਅਤੇ, ਹਰੇਕ ਨੂੰ, ਮੈਂ ਲਿਖਤਾਂ ਨੂੰ ਲੈ ਸਕਦਾ ਹਾਂ ਅਤੇ ਤੁਹਾਨੂੰ ਇਸ ਨੂੰ ਠੀਕ ਤਰਾਂ ਵਿਖਾ ਸਕਦਾ ਹਾਂ, ਕਿ ਉਸ ਨੇ ਉਹਨਾਂ ਨੂੰ ਉਸ ਸਥਾਨ ਤੇ ਰਖਿਆ ਜਿਥੇ ਉਹਨਾਂ ਨੂੰ ਹੋਣਾ ਚਾਹੀਦਾ ਸੀ, ਅਧਿਕਾਰ ਦੇ ਤੌਰ ਤੇ, ਕਿਵੇਂ ਉਹਨਾਂ ਦੋ ਅੱਧੀਆਂ ਗੋਤਾਂ ਨੇ ਨਦੀ ਦੇ ਪਾਰ ਰਹਿਣਾ ਸੀ, ਕਿਵੇਂ ਉਹਨਾਂ ਦੀਆਂ ਮਾਵਾਂ ਉਹਨਾਂ ਦੇ ਜਨਮ ਦੇ ਵੇਲੇ ਪੁਕਾਰਦੀਆਂ ਸਨ, ਅਤੇ ਉਹ ਹਰੇਕ ਸਥਾਨ ਕਿਵੇਂ ਹੋਣਾ ਚਾਹੀਦਾ ਸੀ ।

53 ਅਤੇ ਹੁਣ ਤੁਹਾਡੇ ਅੰਦਰ ਆਉਣ ਤੋਂ ਬਾਅਦ, ਇਸਦਾ ਇਹ ਮਤਲਬ ਨਹੀਂ ਕਿ ਤੁਸੀਂ ਜੰਗ ਤੋਂ ਵਿਹਲੇ ਹੋ ਗਏ ਹੋ । ਤੁਹਾਨੂੰ ਫਿਰ ਵੀ ਜਮੀਨ ਦੇ ਉਸ ਹਰੇਕ ਇੰਚ ਦੇ ਲਈ ਲੜਨਾ ਪਵੇਗਾ ਜਿਸ ਉੱਤੇ ਤੁਸੀਂ ਖੜੇ ਹੋ । ਇਸ ਲਈ, ਵੇਖੋ, ਕਨਾਨ ਮਹਾਨ ਸਵਰਗ ਦਾ ਨਮੂਨਾ ਨਹੀਂ ਸੀ, ਕਿਉਂਕਿ ਇਸ ਵਿੱਚ ਜੰਗ ਅਤੇ ਮੁਸੀਬਤਾਂ ਅਤੇ ਕਤਲੇਆਮ ਅਤੇ ਲੜਾਈਆਂ ਅਤੇ ਅਜਿਹੀਆਂ ਹੋਰ ਚੀਜ਼ਾਂ ਸਨ । ਪਰ ਇਹ ਇਸ ਦਾ ਨਮੂਨਾ ਸੀ, ਕਿ ਇਸ ਨੂੰ ਇੱਕ ਸਿੱਧ ਚਾਲ ਹੋਣਾ ਚਾਹੀਦਾ ਹੈ ।

54 ਇਹੀ ਉਹ ਜਗਾ ਹੈ ਜਿਥੇ ਕਲੀਸਿਯਾ ਅੱਜ ਅਸਫਲ ਹੋ ਰਹੀ ਹੈ, ਚਾਲ ਦੇ ਉੱਤੇ । ਕੀ ਤੁਸੀਂ ਜਾਣਦੇ ਹੋ ਕਿ ਤੁਹਾਡਾ ਆਪਣਾ ਰਵੱਈਆ ਕਿਸੇ ਹੋਰ ਨੂੰ ਚੰਗਾ ਹੋਣ ਤੋਂ ਰੋਕ ਸਕਦਾ ਹੈ? ਤੁਹਾਡੇ ਵਿਸ਼ਵਾਸੀਆਂ ਦੇ ਨਾ ਮੰਨੇ ਹੋਏ ਪਾਪਾਂ ਦਾ, ਤੁਹਾਡਾ ਖ਼ਰਾਬ ਰਵੱਈਆ, ਇਸ ਕਲੀਸਿਯਾ ਨੂੰ ਬੁਰੀ ਤਰਾਂ ਅਸਫਲ ਕਰ ਸਕਦਾ ਹੈ । ਅਤੇ ਨਿਆਂ ਦੇ ਦਿਨ ਤੁਸੀਂ ਇਸ ਦੇ ਲਈ ਪੂਰੀ ਤਰਾਂ ਜ਼ਿੰਮੇਵਾਰ ਹੋਵੋਗੇ । ਔਹ, ਤੁਸੀਂ ਕਹੋਗੇ, "ਹੁਣ, ਇੱਕ ਮਿੰਟ ਰੁਕੋ, ਭਾਈ ਬ੍ਰਾਨਹਾਮ" । ਖੈਰ, ਇਹ ਸੱਚਾਈ ਹੈ । ਇਸ ਦੇ ਬਾਰੇ ਸੋਚੋ!

55 ਯਹੋਸ਼ੁਆ, ਜੱਦ ਉਹ ਉਸ ਦੇਸ ਵਿੱਚ ਪਹੁੰਚ ਗਿਆ, ਪਰਮੇਸ਼ੁਰ ਨੇ ਉਸ ਨਾਲ ਵਾਇਦਾ ਕੀਤਾ ਕਿ...ਕੇਵਲ ਸੋਚੋ, ਇੱਕ ਪੂਰੀ ਮੁਹਿੰਮ ਨੂੰ ਇੱਕ ਵੀ ਆਦਮੀ ਗਵਾਏ ਬਿਨਾ ਲੜਨਾ, ਇੱਕ ਵੀ ਝਰੀਟ ਦੇ ਬਿਨਾ, ਕਿਸੇ ਨਰਸ ਜਾਂ ਮੁਢਲੀ ਡਾਕਟਰੀ ਸਹਾਇਤਾ ਜਾਂ ਪੱਟੀ ਦੀ ਲੋੜ ਤੋਂ ਬਿਨਾ । ਆਮੀਨ । ਯਹੋਵਾਹ ਨੇ ਕਿਹਾ, "ਇਹ ਧਰਤੀ ਤੁਹਾਡੀ ਹੈ, ਜਾਓ ਲੜੋ" । ਸੋਚੋ, ਇੱਕ ਮੁਹਿੰਮ ਨੂੰ ਲੜਨਾ, ਅਤੇ ਉਸ ਜਗਾ ਤੇ ਕੋਈ ਰੈਡਕ੍ਰਾਸ ਜਾਣੀ ਜੰਗ ਵਿੱਚ ਜਖਮੀ

ਹੋਣ ਵਾਲਿਆਂ ਦੀ ਸਹਾਇਤਾ ਕਰਨ ਵਾਲੀ ਸੰਸਥਾ ਨਹੀਂ ਹੈ, ਉਸ ਜਗਾ ਤੇ ਕੋਈ ਵੀ ਜਖਮੀ ਨਹੀਂ ਹੋਣ ਵਾਲਾ ਸੀ!

56 ਅਤੇ ਉਹਨਾਂ ਨੇ ਅਮੋਰੀਆਂ ਅਤੇ ਹਿੱਤੀਆਂ ਨੂੰ ਮਾਰਿਆ, ਪਰ ਉਹਨਾਂ ਵਿਚੋਂ ਇੱਕ ਵੀ ਜਖਮੀ ਨਹੀਂ ਹੋਇਆ ਜੱਦ ਤੱਕ ਡੇਰੇ ਵਿੱਚ ਪਾਪ ਨਹੀਂ ਸੀ ਆਇਆ । ਅਤੇ ਜੱਦ ਅਕਾਨ ਨੇ ਬਾਬਲ ਦਾ ਕਪੜਾ ਅਤੇ ਸੋਨੇ ਦੀ ਇੱਟ ਲਈ, ਅਤੇ ਆਪਣੇ ਤੰਬੂ ਵਿੱਚ ਲੁਕਾ ਲਿਆ, ਤੱਦ ਅਗਲੇ ਦਿਨ ਉਹਨਾਂ ਦੇ ਸੋਲਾਂ ਆਦਮੀ ਮਾਰੇ ਗਏ । ਯਹੋਸ਼ੁਆ ਨੇ ਕਿਹਾ, “ਰੁਕੋ! ਰੁਕੋ! ਇੱਕ ਮਿੰਟ ਰੁਕੋ, ਇਥੇ ਕੁਝ ਗੜਬੜ ਹੈ! ਇਥੇ ਕੁਝ ਗੜਬੜ ਹੈ । ਅਸੀਂ ਸੱਤ ਦਿਨਾਂ ਲਈ ਵਰਤ ਰੱਖਾਂਗੇ । ਯਹੋਵਾਹ ਨੇ ਸਾਨੂੰ ਇੱਕ ਵਾਇਦਾ ਦਿੱਤਾ ਹੈ, ‘ਕੋਈ ਵੀ ਚੀਜ ਸਾਡਾ ਨੁਕਸਾਨ ਨਹੀਂ ਕਰੇਗੀ’ । ਸਾਡੇ ਵੈਰੀ ਸਾਡੇ ਪੈਰਾਂ ਉੱਤੇ ਡਿਗਣਗੇ । ਅਤੇ ਇਥੇ ਕੁਝ ਗੜਬੜ ਹੈ । ਕਿਸੇ ਜਗਾ ਤੇ ਕੁਝ ਤਾਂ ਗਲਤ ਹੋਇਆ ਹੈ, ‘ਕਿਉਂਕਿ ਸਾਡੇ ਸੋਲਾਂ ਆਦਮੀ ਇਥੇ ਮਰੇ ਪਏ ਹਨ । ਉਹ ਇਜ਼ਰਾਇਲੀ ਭਰਾ ਹਨ, ਅਤੇ ਉਹ ਮਰ ਗਏ ਹਨ” ।

57 ਉਹ ਬੇਗੁਨਾਹ ਆਦਮੀ, ਕਿਉਂ ਮਰੇ? ਕਿਉਂਕਿ ਇੱਕ ਆਦਮੀ ਨੇ ਘੇਰੇ ਤੋਂ ਬਾਹਰ ਕਦਮ ਰਖਿਆ ।ਤੁਸੀਂ ਵੇਖ ਰਹੇ ਹੋ ਕਿ ਇਸ ਨੂੰ ਸਿਖਾਉਣ ਦੀ ਕੀ ਲੋੜ ਹੈ? ਕਲੀਸਿਯਾ ਕਤਾਰ ਵਿੱਚ ਆ ਰਹੀ ਹੈ, ਕਲੀਸਿਯਾ ਪਰਮੇਸ਼ੁਰ ਦੇ ਵਚਨ ਦੇ ਨਾਲ ਕਤਾਰ ਵਿੱਚ ਆ ਰਹੀ ਹੈ, ਪਰਮੇਸ਼ੁਰ ਨਾਲ ਕਤਾਰ ਵਿੱਚ ਆ ਰਹੀ ਹੈ ਅਤੇ ਇੱਕ ਦੂਜੇ ਨਾਲ ਕਤਾਰ ਵਿੱਚ ਆ ਰਹੀ ਹੈ, ਸਿੱਧ ਚਾਲ ਚਲ ਰਹੀ ਹੈ, ਸਾਦਗੀ ਨਾਲ, ਸਾਰੇ ਮਨੁੱਖਾਂ ਦੇ ਸਾਹਮਣੇ, ਪਰਮੇਸ਼ੁਰ ਤੋਂ ਡਰਦੇ ਹੋਏ । ਕਿਉਂਕਿ ਇੱਕ ਆਦਮੀ ਨੇ ਇੱਕ ਕਪੜਾ ਚੋਰੀ ਕੀਤਾ, ਅਤੇ ਕੁਝ ਕੀਤਾ ਜੋ ਉਸ ਨੂੰ ਨਹੀਂ ਕਰਨਾ ਚਾਹੀਦਾ ਸੀ, ਇਸ ਨੇ ਸੋਲਾਂ ਆਦਮੀਆਂ ਦੀ ਜਾਨ ਲੈ ਲਈ! ਮੈਂ ਸੋਚਦਾ ਹਾਂ ਕਿ ਇਹ ਸੋਲਾਂ ਸਨ, ਜਾਂ ਸ਼ਾਇਦ ਜਿਆਦਾ । ਮੈਨੂੰ ਯਕੀਨ ਹੈ ਕਿ ਸੋਲਾਂ ਆਦਮੀ ਮਰੇ ਸਨ ।

58 ਯਹੋਸ਼ੁਆ ਨੇ ਪੁਕਾਰਿਆ, ਕਿਹਾ, “ਇਥੇ ਕੁਝ ਤਾਂ ਗੜਬੜ ਹੈ! ਯਹੋਵਾਹ ਨੇ ਵਾਇਦਾ ਕੀਤਾ ਸੀ, ਅਤੇ ਕੁਝ ਗੜਬੜ ਹੈ” ।

59 ਜਦੋਂ ਅਸੀਂ ਬਿਮਾਰਾਂ ਨੂੰ ਆਪਣੇ ਸਾਹਮਣੇ ਲਿਆਉਂਦੇ ਹਾਂ, ਅਤੇ ਉਹ ਚੰਗੇ ਹੋਣ ਵਿੱਚ ਅਸਫਲ ਹੋ ਜਾਂਦੇ ਹਨ, ਤਾਂ ਸਾਨੂੰ ਇੱਕ ਗੰਭੀਰ ਵਰਤ, ਇੱਕ ਸਭਾ ਬੁਲਾਉਣੀ ਚਾਹੀਦੀ ਹੈ । ਕਿਸੇ ਜਗਾ ਤੇ ਕੁਝ ਤਾਂ ਗੜਬੜ ਹੈ । ਪਰਮੇਸ਼ੁਰ ਨੇ ਵਾਇਦਾ ਕੀਤਾ ਸੀ, ਪਰਮੇਸ਼ੁਰ ਨੂੰ ਉਸ ਵਾਅਦੇ ਨਾਲ ਬਣੇ ਰਹਿਣਾ ਚਾਹੀਦਾ ਹੈ, ਅਤੇ ਉਹ ਇਹ ਕਰੇਗਾ ।

60 ਅਤੇ ਉਸ ਨੇ ਇੱਕ ਵਰਤ ਘੋਸ਼ਿਤ ਕਰ ਦਿੱਤਾ। ਅਤੇ ਉਹਨਾਂ ਨੂੰ ਪਤਾ ਲਗਿਆ, ਉਹਨਾਂ ਨੇ ਗੁਣੇ ਪਾਏ। ਅਤੇ ਅਕਾਨ ਨੇ ਇਹ ਮਨ ਲਿਆ। ਅਤੇ ਉਹਨਾਂ ਨੇ ਅਕਾਨ ਨੂੰ, ਉਸਦੇ ਪਰਿਵਾਰ ਦੇ ਸਾਰੇ ਲੋਕਾਂ ਨੂੰ ਮਾਰ ਦਿੱਤਾ ਅਤੇ ਉਹਨਾਂ ਨੂੰ ਸਾੜ ਕੇ ਸਵਾਹ ਕਰ ਦਿੱਤਾ, ਅਤੇ ਇਸ ਨੂੰ ਇੱਕ ਯਾਦਗਾਰ ਲਈ ਛੱਡ ਦਿੱਤਾ। ਅਤੇ ਯਹੋਸ਼ੁਆ ਸਭ ਕੁਝ ਜਿੱਤਦਾ ਹੋਇਆ, ਬਿਨਾ ਕਿਸੇ ਝਰੀਟ ਜਾਂ ਜਖਮ ਤੋਂ, ਲੜਾਈਆਂ ਦੇ ਵਿਚੋਂ ਦੀ ਲੰਘਦਾ ਗਿਆ। ਇਥੇ ਹੋ ਤੁਸੀਂ।

61 ਇੱਕ ਦਿਨ ਉਸ ਨੂੰ ਥੋੜੇ ਜਿਹੇ ਵਾਧੂ ਸਮੇਂ ਦੀ ਲੋੜ ਸੀ। ਸੂਰਜ ਡੁੱਬ ਰਿਹਾ ਸੀ, ਉਸਦੇ ਆਦਮੀ ਰਾਤ ਦੇ ਵੇਲੇ ਬਹੁੱਤ ਵਧੀਆ ਨਹੀਂ ਲੜ ਸਕਦੇ ਸਨ। ਯਹੋਸ਼ੁਆ, ਉਹ ਮਹਾਨ ਯੋਧਾ, ਪਰਮੇਸ਼ੁਰ ਵਲੋਂ ਮਸ਼ਹ ਕੀਤਾ ਹੋਇਆ, ਉਸ ਧਰਤੀ ਉੱਤੇ ਉਸ ਨੂੰ ਸਥਾਨ ਦਿੱਤਾ ਗਿਆ ਸੀ, ਜਿਵੇਂ ਨਵੀਂ ਕਲੀਸਿਯਾ ਨੂੰ ਅਫ਼ਸੀਆਂ ਵਿੱਚ, ਲੈ ਲਵੋ, ਲੈ ਲਿਆ, ਧਰਤੀ ਨੂੰ ਲੈ ਰਿਹਾ ਸੀ, ਇਸ ਉੱਤੇ ਕਬਜਾ ਕਰ ਰਹੇ ਹਾਂ। ਉਸ ਨੂੰ ਕੁਝ ਸਮੇਂ ਦੀ ਲੋੜ ਸੀ, ਇਸ ਲਈ ਉਸ ਨੇ ਕਿਹਾ, "ਸੂਰਜ, ਥੰਮ੍ਹ ਜਾ!" ਅਤੇ ਉਹ ਲਗਭਗ ਬਾਰਾਂ ਘੰਟਿਆਂ ਲਈ ਥੰਮਿਆ ਰਿਹਾ, ਜੱਦ ਤੱਕ ਉਹਨਾਂ ਉਸ ਧਰਤੀ ਉਤੇ ਕਬਜਾ ਨਾ ਕਰ ਲਿਆ। ਵੇਖਿਆ?

62 ਹੁਣ ਅਫਸੀਆਂ ਦੀ ਪੁਸਤਕ ਸਾਨੂੰ ਮਸੀਹ ਵਿੱਚ ਆਪਣੇ ਸਥਾਨ ਉੱਤੇ ਰਖਦੀ ਹੈ, ਜਿਵੇਂ ਉਹ ਉਸ ਪਵਿੱਤਰ ਧਰਤੀ ਵਿੱਚ ਰੱਖੇ ਗਏ ਸਨ। ਸਾਨੂੰ ਪਵਿੱਤਰ ਧਰਤੀ ਵਿੱਚ ਨਹੀਂ ਪਰ ਪਵਿੱਤਰ ਆਤਮਾ ਵਿੱਚ ਰਖਿਆ ਜਾ ਰਿਹਾ ਹੈ! ਹੁਣ ਆਓ ਅਸੀਂ ਇੱਕ ਵਚਨ ਨੂੰ ਪੜੀਏ, ਵੇਖੋ ਕਲੀਸਿਯਾ ਕਿਨੀ ਕੁ ਸਿੱਧ ਹੈ।

> *ਪੌਲੁਸ, ਜਿਹੜਾ ਪਰਮੇਸ਼ੁਰ ਦੀ ਇੱਛਿਆ ਤੋਂ ਯਿਸੂ ਮਸੀਹ ਦਾ ਰਸੂਲ ਹਾਂ,…*

63 ਔਹ, ਮੈਨੂੰ ਇਹ ਚੰਗਾ ਲਗਦਾ ਹੈ! ਪਰਮੇਸ਼ੁਰ ਨੇ ਉਸ ਨੂੰ ਇੱਕ ਰਸੂਲ ਬਣਾਇਆ। ਕਿਸੇ ਬਜ਼ੁਰਗ ਨੇ ਉਸ ਉੱਤੇ ਹੱਥ ਨਹੀਂ ਰੱਖੇ, ਕਿਸੇ ਬਿਸ਼ਪ ਨੇ ਉਸ ਨੂੰ ਨਹੀਂ ਭੇਜਿਆ, ਪਰ ਪਰਮੇਸ਼ੁਰ ਨੇ ਉਸ ਨੂੰ ਬੁਲਾਇਆ ਅਤੇ ਉਸ ਨੂੰ ਇੱਕ ਰਸੂਲ ਬਣਾਇਆ।

> *ਪੌਲੁਸ, ਜਿਹੜਾ ਪਰਮੇਸ਼ੁਰ ਦੀ ਇੱਛਿਆ ਤੋਂ ਯਿਸੂ ਮਸੀਹ ਦਾ ਰਸੂਲ ਹਾਂ, ਅੱਗੇ ਉਹਨਾਂ ਸੰਤਾਂ ਨੂੰ* (ਜਿਹੜੇ ਪਵਿੱਤਰ ਕੀਤੇ ਗਏ ਸਨ) *ਜਿਹੜੇ ਅਫ਼ਸੁਸ ਵਿੱਚ ਵਸਦੇ ਹਨ ਅਤੇ ਯਿਸੂ ਮਸੀਹ ਵਿੱਚ ਵਫ਼ਾਦਾਰ ਹਨ:*

64 ਵੇਖੋ ਉਹ ਇਸ ਨੂੰ ਕਿਵੇਂ ਸੰਬੋਧਨ ਕਰ ਰਿਹਾ ਹੈ । ਇਹ ਅਵਿਸ਼ਵਾਸੀਆਂ ਦੇ ਲਈ ਨਹੀਂ ਹੈ । ਇਹ ਕਲੀਸਿਯਾ ਦੇ ਲਈ ਹੈ । ਇਹ ਬਾਹਰ-ਬੁਲਾਇਆਂ ਹੋਇਆਂ ਦੇ ਲਈ ਹੈ, ਪਵਿੱਤਰ ਕੀਤੇ ਗਏ ਅਤੇ ਸੱਦੇ ਹੋਇਆਂ ਦੇ ਲਈ ਹੈ ਜਿਹੜੇ ਮਸੀਹ ਯਿਸੂ ਵਿੱਚ ਹਨ ।

65 ਹੁਣ, ਜੇ ਤੁਸੀਂ ਜਾਨਣਾ ਚਾਹੁੰਦੇ ਹੋ ਕਿ ਅਸੀਂ ਮਸੀਹ ਯਿਸੂ ਵਿੱਚ ਕਿਵੇਂ ਆਉਂਦੇ ਹਾਂ, ਤਾਂ ਪਹਿਲਾਂ ਕੁਰਿੰਥੀਆਂ 12 ਅਧਿਆਇ ਵਿੱਚ ਵੇਖੋ, ਇਹ ਕਹਿੰਦਾ ਹੈ, "ਕਿਉਂ ਜੋ ਅਸਾਂ ਸਭਨਾ ਨੂੰ ਇੱਕ ਸਰੀਰ ਬਣਨ ਲਈ ਇੱਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ" । ਕਿਵੇਂ? ਕਿਸ ਚੀਜ਼ ਨਾਲ ਬਪਤਿਸਮਾ ਦਿੱਤਾ ਗਿਆ? ਪਵਿੱਤਰ ਆਤਮਾ ਨਾਲ । ਪਾਣੀ ਦੇ ਬਪਤਿਸਮੇ ਨਾਲ ਨਹੀਂ, ਚਰਚ ਆਫ ਕ੍ਰਾਇਸਟ ਵਾਲੇ ਲੋਕੋ, ਪਰ ਇੱਕੋ ਹੀ ਮੂਲ ਆਤਮਾ (S-p-i-r-i-t) ਨਾਲ, ਇੱਕੋ ਹੀ ਆਤਮਾ ਨਾਲ । ਕਿਸੇ ਹੱਥ ਮਿਲਾਉਣ ਦੇ ਨਾਲ ਨਹੀਂ, ਇੱਕ ਪੱਤਰ ਨਾਲ, ਜਾਂ ਕਿਸੇ ਛਿੜਕਾ ਨਾਲ ਨਹੀਂ । ਪਰ ਅਸਾਂ ਸਭਨਾ ਨੂੰ ਇੱਕ ਸਰੀਰ ਬਣਨ ਲਈ ਇੱਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ ਹੈ, ਸਾਡਾ ਹੱਕ, ਉਹ ਧਰਤੀ ਜਿਹੜੀ ਪਰਮੇਸ਼ੁਰ ਨੇ ਸਾਨੂੰ ਰਹਿਣ ਲਈ ਦਿੱਤੀ ਹੈ, ਉਹ ਪਵਿੱਤਰ ਆਤਮਾ ਹੈ । ਬੱਸ ਜਿਵੇਂ ਉਸ ਨੇ ਯਹੂਦੀਆਂ ਨੂੰ ਕਨਾਨ ਦੇਸ਼ ਦਿੱਤਾ, ਠੀਕ ਉਸੇ ਤਰਾਂ ਉਸ ਨੇ ਸਾਨੂੰ ਪਵਿੱਤਰ ਆਤਮਾ ਦਿੱਤਾ ਹੈ ।ਅਸਾਂ ਸਭਨਾ ਨੂੰ ਇੱਕ ਸਰੀਰ ਬਣਨ ਲਈ ਇੱਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ ਹੈ । ਕੀ ਤੁਸੀਂ ਇਸ ਨੂੰ ਸਮਝ ਰਹੇ ਹੋ?

66 ਹੁਣ, ਉਹ ਆਤਮਿਕ ਇਜ਼ਰਾਇਲੀਆਂ ਨਾਲ ਗੱਲ ਕਰ ਰਿਹਾ ਹੈ, ਉਹ ਆਤਮਿਕ ਇਜ਼ਰਾਇਲ ਜਿਸ ਨੇ ਧਰਤੀ ਉੱਤੇ ਕਬਜ਼ਾ ਕਰ ਲਿਆ ਹੈ । ਔਹ, ਕੀ ਤੁਸੀਂ ਖੁਸ਼ ਨਹੀਂ ਹੋ ਕਿ ਤੁਸੀਂ ਮਿਸ਼ਰ ਵਿਚੋਂ ਬਾਹਰ ਆ ਗਏ ਹੋ? ਕੀ ਤੁਸੀਂ ਖੁਸ਼ ਨਹੀਂ ਹੋ ਕਿ ਤੁਸੀਂ ਉਜਾੜ ਵਿਚੋਂ ਬਾਹਰ ਆ ਗਏ ਹੋ? ਅਤੇ, ਯਾਦ ਕਰੋ, ਉਹਨਾਂ ਨੂੰ ਮੰਨ ਖਾਣਾ ਪਿਆ, ਸਵਰਗ ਤੋਂ ਸਵਰਗ ਦੂਤਾਂ ਦਾ ਭੋਜਨ, ਜੱਦ ਤਕ ਉਹ ਉਸ ਧਰਤੀ ਵਿੱਚ ਨਾ ਪਹੁੰਚ ਗਏ । ਅਤੇ ਜੱਦ ਉਹ ਉਸ ਧਰਤੀ ਉੱਤੇ ਪਹੁੰਚ ਗਏ, ਤਾਂ ਮੰਨ ਡਿਗਣਾ ਬੰਦ ਹੋ ਗਿਆ । ਉਸ ਵੇਲੇ ਉਹ ਪੂਰੀ ਤਰਾਂ ਪਰਿਪੱਕ ਹੋ ਗਏ ਸਨ, ਅਤੇ ਉਹਨਾਂ ਉਸ ਧਰਤੀ ਦੀ ਪੁਰਾਣੀ ਮੱਕੀ ਨੂੰ ਖਾਧਾ । ਹੁਣ, ਤੁਸੀਂ ਨਿਆਣੇ ਨਹੀਂ ਰਹੇ ਹੋ, ਹੁਣ ਤੁਹਾਨੂੰ ਇੰਜੀਲ ਦੇ ਖਰੇ ਦੁਧ ਦੀ ਲੋੜ ਨਹੀਂ ਹੈ, ਇਸ ਲਈ ਤਹਾਨੂੰ ਬੱਚਿਆਂ ਵਾਂਗ ਪਾਲਣ ਦੀ ਲੋੜ ਨਹੀਂ ਹੈ, ਇਸ ਦੀ ਲੋੜ ਨਹੀਂ ਹੈ ਕਿ ਤੁਹਾਡੀ ਪਿੱਠ ਥਪਥਪਾਈ ਜਾਵੇ ਅਤੇ ਤੁਹਾਨੂੰ ਚਰਚ ਆਉਣ ਲਈ ਮਨਾਇਆ ਜਾਵੇ । ਹੁਣ, ਤੁਸੀਂ ਸਚਮੁਚ ਪਰਿਪੱਕ ਮਸੀਹ ਹੋ, ਹੁਣ ਤੁਸੀਂ ਸਖ਼ਤ ਮਾਸ ਖਾਣ ਦੇ ਲਈ ਤਿਆਰ ਹੋ । ਹੁਣ ਤੁਸੀਂ ਉਸ ਵਿੱਚ ਆਉਣ ਲਈ ਤਿਆਰ ਹੋ ਜੋ ਉਸਨੇ ਕਿਹਾ ਸੀ ।ਹੁਣ

ਤੁਸੀਂ ਡੂੰਘੀਆਂ ਗਲਾਂ ਸਮਝਣ ਦੇ ਲਈ ਤਿਆਰ ਹੋ । ਔਹ, ਅਸੀਂ ਸਿੱਧਾ ਇਸ ਦੇ ਵਿੱਚ ਜਾਵਾਂਗੇ । ਅਤੇ, ਔਹ, ਇਹ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਲੁਕਿਆ ਹੋਇਆ ਸੀ । ਉਸ ਨੇ ਕਿਹਾ, “ਹੁਣ ਤੁਸੀਂ ਇਸ ਵਿੱਚ ਆ ਗਏ ਹੋ, ਮੈਂ ਇਹ ਤੁਹਾਡੇ ਲਈ ਕਹਿ ਰਿਹਾ ਹਾਂ” । ਉਹਨਾਂ ਨੂੰ ਨਹੀਂ ਜਿਣਾਂ ਹੁਣੇ-ਹੁਣੇ ਮਿਸ਼ਰ ਨੂੰ ਛਡਿਆ ਹੈ, ਉਹਨਾਂ ਨੂੰ ਨਹੀਂ ਜਿਹੜੇ ਅਜੇ ਰਾਹ ਵਿੱਚ ਹਨ, ਪਰ ਉਹਨਾਂ ਨੂੰ ਜਿਹੜੇ ਵਾਇਦਾ ਕੀਤੀ ਹੋਈ ਧਰਤੀ ਵਿਚ ਹਨ, ਜਿਣਾਂ ਨੇ ਵਾਦੇ ਨੂੰ ਸਵੀਕਾਰ ਕੀਤਾ ਹੈ ।

67 ਕਿੰਨੀਆਂ ਨੇ ਪਵਿੱਤਰ ਆਤਮਾ ਦੇ ਵਾਦੇ ਨੂੰ ਸਵੀਕਾਰ ਕੀਤਾ ਹੈ? ਔਹ, ਕੀ ਤੁਸੀਂ ਖੁਸ਼ ਨਹੀਂ ਹੋ ਕਿ ਤੁਸੀਂ ਹੁਣ ਉਸ ਧਰਤੀ ਵਿੱਚ ਹੋ, ਪੁਰਾਣੀ ਮੱਕੀ ਖਾ ਰਹੇ ਹੋ, ਪਰਮੇਸ਼ੁਰ ਦੀਆਂ ਸਖ਼ਤ ਚੀਜਾਂ ਨੂੰ ਖਾ ਰਹੇ ਅਤੇ ਹਰੇਕ ਚੀਜ਼ ਨੂੰ ਸਾਫ਼-ਸਾਫ਼ ਸਮਝ ਰਹੇ ਹੋ । ਤੁਹਾਡਾ—ਤੁਹਾਡਾ ਆਤਮਿਕ ਮੰਨ ਪੂਰੀ ਤਰਾਂ ਉਲਝਣ ਰਹਿਤ ਕਰ ਦਿੱਤਾ ਗਿਆ ਹੈ । ਤੁਸੀਂ ਅਸਲ ਵਿੱਚ ਜਾਣਦੇ ਹੋ ਕਿ ਉਹ ਕੌਣ ਹੈ । ਤੁਸੀਂ ਅਸਲ ਵਿੱਚ ਜਾਣਦੇ ਹੋ ਕਿ ਤੁਸੀਂ ਕਿਥੇ ਜਾ ਰਹੇ ਹੋ । ਤੁਸੀਂ ਇਸ ਬਾਰੇ ਚੰਗੀ ਤਰਾਂ ਜਾਣਦੇ ਹੋ । ਤੁਸੀਂ ਜਾਣਦੇ ਹੋ ਕਿ ਤੁਸੀਂ ਕਿਸ ਤੇ ਨਿਹਚਾ ਕੀਤੀ ਹੈ ਅਤੇ ਇਹ ਵਿਸ਼ਵਾਸ ਕਰਦੇ ਹੋ ਕਿ ਉਹ ਉਸ ਨੂੰ ਸੰਭਾਲਣ ਵਿੱਚ ਸਮਰਥ ਹੈ ਜੋ ਤੁਸੀਂ ਉਸ ਨੂੰ ਸਮਰਪਿਤ ਕੀਤਾ ਹੈ । ਔਹ, ਇਹ ਉਹੀ ਹਨ, ਇਹ ਉਹੀ ਹਨ ਜਿਹਨਾਂ ਨਾਲ ਪੌਲੁਸ ਗਲ ਕਰ ਰਿਹਾ ਹੈ । ਧਿਆਨ ਨਾਲ ਸੁਣੋ । ਹੁਣ ਵੇਖੋ ।

*...ਮਸੀਹ ਯਿਸੂ ਵਿੱਚ ਵਫ਼ਾਦਾਰ:*

68 ਹੁਣ, ਮੈਨੂੰ ਕਲੀਸਿਯਾ ਦੇ ਲਈ ਇਸ ਨੂੰ ਦੁਹਰਾਉਣ ਦਿਓ । ਅਸੀਂ ਮਸੀਹ ਵਿੱਚ ਕਿਵੇਂ ਆਉਂਦੇ ਹਾਂ? ਕਿਸੇ ਗਿਰਜੇ ਵਿੱਚ ਸ਼ਾਮਿਲ ਹੋਣ ਨਾਲ? ਨਹੀਂ । ਆਪਣਾ ਨਾਮ ਇੱਕ ਕਿਤਾਬ ਵਿੱਚ ਲਿਖਵਾਉਣ ਨਾਲ? ਨਹੀਂ । ਡੁਬਕੀ ਵਾਲੇ ਬਪਤਿਸਮੇ ਨਾਲ? ਨਹੀਂ । ਅਸੀਂ ਮਸੀਹ ਵਿੱਚ ਕਿਵੇਂ ਆਉਂਦੇ ਹਾਂ? ਸਾਨੂੰ ਇੱਕੋ ਹੀ ਪਵਿੱਤਰ ਆਤਮਾ ਨਾਲ ਸਾਨੂੰ ਇੱਕੋ ਵਾਅਦੇ ਵਿਚ, ਇਕ ਸਰੀਰ ਹੋਣ ਲਈ ਬਪਤਿਸਮਾ ਦਿੱਤਾ ਗਿਆ ਹੈ, ਅਤੇ ਅਸੀਂ ਉਸ ਸਭ ਵਿਚ ਸਾਂਝੀ ਹਾਂ ਜੋ ਉਸ ਧਰਤੀ ਵਿੱਚ ਹੈ । ਆਮੀਨ! ਔਹ, ਮੈਨੂੰ—ਮੈਨੂੰ ਇਹ ਚੰਗਾ ਲਗਦਾ ਹੈ । ਜੇ ਮੇਰਾ ਗਲਾ ਖ਼ਰਾਬ ਨਾਂ ਹੁੰਦਾ ਤਾਂ ਮੈਂ ਲਲਕਾਰ ਸਕਦਾ ਸੀ । ਮੇਰਾ, ਜਦ ਮੈਂ ਇਸ ਧਰਤੀ ਵਿੱਚ ਜਾਵਾਂਗਾ, ਇਹ ਮੇਰੀ ਹੋਵੇਗੀ । ਮੈਂ ਹੁਣ ਘਰ ਪਹੁੰਚ ਗਿਆ ਹਾਂ; ਮੈਂ ਕਨਾਨ ਵਿੱਚ ਹਾਂ । ਮੈਂ ਉਸ ਕਿਸੇ ਵੀ ਚੀਜ ਲਈ ਅਧੀਨ ਹਾਂ ਜਿਸ ਲਈ ਪਰਮੇਸ਼ੁਰ ਮੈਨੂੰ ਇਸਤੇਮਾਲ ਕਰਨਾ ਚਾਹੁੰਦਾ ਹੈ । ਮੈਂ ਪਵਿੱਤਰ ਧਰਤੀ ਉੱਤੇ ਚਲ ਰਿਹਾ ਹਾਂ, ਉਸ ਰਾਜੇ ਦਾ ਇੱਕ ਬਾਲਕ, ਕਮਰ ਕੱਸ ਕੇ

ਪੂਰੀ ਤਰਾਂ ਤਿਆਰ। ਮੈਂ ਮਿਸ਼ਰ ਵਿਚੋਂ ਬਾਹਰ ਆ ਗਿਆ ਹਾਂ, ਮੈਂ ਵਾਇਦਾ ਕੀਤੀ ਹੋਈ ਧਰਤੀ ਵਿੱਚ ਆ ਗਿਆ ਹਾਂ, ਪਰਖਾਂ ਵਿੱਚ ਖੜਾ ਰਿਹਾ, ਯਰਦਨ ਪਾਰ ਕਰਕੇ ਇਸ ਮੁਬਾਰਕ ਵਾਅਦੇ ਵਿੱਚ ਆ ਗਿਆ ਹਾਂ। ਓਹ, ਮੈਂ ਇਸ ਨੂੰ ਕਿਵੇਂ ਪਾ ਲਿਆ? ਇੱਕੋ ਹੀ ਆਤਮਾ ਦੁਆਰਾ। ਇਸੇ ਤਰਾਂ ਹੀ ਪੌਲੁਸ ਨੇ ਇਸ ਨੂੰ ਪਾਇਆ, ਇਸ ਨੇ ਮੇਰੇ ਨਾਲ ਵੀ ਉਹੀ ਕੀਤਾ ਜੋ ਉਸ ਨੇ ਉਸ ਨਾਲ ਕੀਤਾ, ਇਸ ਨੇ ਤੁਹਾਡੇ ਨਾਲ ਵੀ ਉਸੇ ਤਰਾਂ ਕੀਤਾ। ਇੱਕੋ ਹੀ ਆਤਮਾ ਨਾਲ ਸਾਨੂੰ ਸਭਨਾ ਨੂੰ ਬਪਤਿਸਮਾ ਦਿੱਤਾ ਗਿਆ। ਛਿੜਕਿਆ ਨਹੀਂ ਗਿਆ, ਬੱਸ ਇਸ ਦਾ ਥੋੜਾ ਜਿਹਾ ਛਿੜਕਾ ਨਹੀਂ, ਬਹੁਤ ਚੰਗਾ ਮਹਿਸੂਸ ਹੁੰਦਾ ਹੈ; ਪਰ ਇਸ ਵਿੱਚ ਡੋਬਿਆ ਗਿਆ ਹੈ! ਸਾਰਿਆਂ ਨੂੰ ਉਸ ਹੇਠ ਤਰਨ ਲਈ ਬਣਾਇਆ ਗਿਆ ਹੈ, ਪਵਿੱਤਰ ਆਤਮਾ ਦੇ ਅੰਦਰ। ਇਹ ਹੀ ਵਾਇਦਾ ਹੈ।

69 ਸਾਡਾ ਅਫ਼ਸੀਆਂ, ਸਾਡਾ ਯਹੋਸ਼ੁਆ, ਜੋ ਪਵਿੱਤਰ ਆਤਮਾ ਹੈ, *ਯਹੋਸ਼ੁਆ* ਦਾ ਅਰਥ ਹੈ "ਯਿਸੂ, ਬਚਾਉਣ ਵਾਲਾ"। ਯਹੋਸ਼ੁਆ ਜਾਨੀ ਪਵਿੱਤਰ ਆਤਮਾ ਇਸ ਦਾ ਆਤਮਿਕ ਪ੍ਰਤੀਨਿਧੀ ਹੈ ਜਿਵੇਂ ਉਹ ਸਰੀਰਕ ਸੀ, ਇਹ ਕਿ ਉਹ ਸਾਡਾ ਮਹਾਨ ਯੋਧਾ ਹੈ। ਉਹ ਸਾਡਾ ਮਹਾਨ ਆਗੂ ਹੈ। ਜਿਵੇਂ ਯਹੋਵਾਹ ਯਹੋਸ਼ੁਆ ਦੇ ਨਾਲ ਸੀ, ਉਸੇ ਤਰਾਂ ਪਰਮੇਸ਼ਰ (ਪਵਿੱਤਰ ਆਤਮਾ ਵਿੱਚ) ਸਾਨੂੰ ਚਲਾ ਰਿਹਾ ਹੈ। ਅਤੇ ਜੱਦ ਡੇਰੇ ਅੰਦਰ ਪਾਪ ਆਉਂਦਾ ਹੈ, ਤਾਂ ਪਵਿੱਤਰ ਆਤਮਾ ਇੱਕ ਵਿਰਾਮ ਦੀ ਮੰਗ ਕਰਦਾ ਹੈ, "ਇਸ ਕਲੀਸਿਯਾ ਵਿੱਚ ਕੀ ਗਲਤ ਹੈ? ਕੁਝ ਤਾਂ ਗੜਬੜ ਹੈ"। ਓਹ, ਕੀ ਤੁਸੀਂ ਨਹੀਂ ਵੇਖ ਸਕਦੇ ਕਿ ਹੁਣ ਸਾਡੇ ਕੋਲ ਬਹੁਤ ਸਾਰੇ ਕੀਸ਼ ਦੇ ਪੁੱਤਰ ਹਨ? ਬਹੁਤ ਸਾਰੇ ਸਾਊਲ ਸੈਮੀਨਾਰਾਂ ਅਤੇ ਬੌਧਿਕ ਸਕੂਲਾਂ ਵਿਚੋਂ ਆ ਰਹੇ ਹਨ ਅਤੇ ਬਾਹਰ ਜਾ ਕੇ ਭਰਿਸ਼ਟ ਚੀਜ਼ਾਂ ਸਿਖਾ ਰਹੇ ਹਨ, ਜਿਵੇਂ ਬਾਈਬਲ ਨੇ ਕਿਹਾ ਸੀ ਕਿ ਉਹ ਕਰਨਗੇ। "ਜਾਹਿਰ ਤੌਰ ਤੇ, ਵਿਸ਼ਵਾਸ ਤੋਂ ਬਿਨਾਂ, ਆਪਣੇ ਆਪ ਨੂੰ ਤੁਹਾਡੇ ਤੋਂ ਵੱਖਰਾ ਕਰਦੇ ਹਨ, ਤੁਹਾਡੇ ਨਾਲ ਕੋਈ ਸੰਗਤ ਨਹੀਂ ਕਰਦੇ, ਅਤੇ ਇਸ ਤਰਾਂ ਦੀਆਂ ਗਲਾਂ, ਭਗਤੀ ਦਾ ਰੂਪ ਧਾਰ ਕੇ ਪਰ ਉਸ ਦੀ ਸ਼ਕਤੀ ਦਾ ਇਨਕਾਰ ਕਰਦੇ ਹਨ, ਅਜਿਹਿਆਂ ਤੋਂ ਪਰੇ ਰਹਿਣਾ"। ਉਹ ਨਹੀਂ ਜਾਣਦੇ ਕਿ ਉਹ ਕਿਥੋਂ ਆਏ ਹਨ, ਉਹ ਕੋਈ ਤਰਕ ਨਹੀਂ ਦੇ ਸਕਦੇ।

70 ਮੈਂ ਇਹ ਭਾਈ ਬੂਥ ਕਲਿੱਬੋਰਨ ਕੋਲੋਂ ਬੋਲ ਰਿਹਾ ਹਾਂ, ਜੋ ਮੇਰਾ ਇੱਕ ਮਿੱਤਰ ਹੈ, ਜੇ ਇਸ ਸੰਸਾਰ ਵਿੱਚ ਕੋਈ ਨਾ-...ਨਾਜਾਇਜ਼ ਚੀਜ ਹੈ ਜਿਹੜੀ ਪਰਮੇਸ਼ੁਰ ਵਲੋਂ ਨਹੀਂ ਬਣੀ, ਉਹ ਇੱਕ ਖੱਚਰ ਹੈ। ਇੱਕ ਖੱਚਰ ਸਭਨਾ ਚੀਜਾਂ ਵਿੱਚ ਸਭ ਤੋਂ ਹੇਠਾਂ ਹੈ। ਉਹ ਇੱਕ...ਉਹ—ਉਹ ਨਹੀਂ ਜਾਣਦਾ ਕਿ ਉਹ ਕੌਣ ਹੈ। ਉਹ ਆਪਣੇ ਆਪ ਤੋਂ ਕੁਝ ਵੀ ਪੈਦਾ ਨਹੀਂ ਕਰ ਸਕਦਾ। ਇੱਕ ਖੱਚਰ ਤੋਂ ਇੱਕ ਹੋਰ ਖਚਰ ਨੂੰ ਪੈਦਾ ਨਹੀਂ ਕੀਤਾ ਜਾ ਸਕਦਾ। ਉਹ

ਖਤਮ ਹੋ ਚੁਕਾ ਹੈ ।ਉਹ ਨਹੀਂ ਜਾਣਦਾ ਕਿ ਉਸ ਦਾ ਪਿਤਾ ਕਿਥੋਂ ਆਇਆ ਹੈ, ਨਾ ਹੀ ਉਹ ਆਪਣੀ ਮਾਂ ਨੂੰ ਜਾਣਦਾ ਹੈ, ਕਿਉਂਕਿ ਉਹ ਇੱਕ ਛੋਟਾ—ਛੋਟਾ ਖੋਤਾ ਅਤੇ ਇੱਕ ਛੋਟੀ ਘੋੜੀ ਹੈ ਪਰ ਪਰਮੇਸ਼ੁਰ ਨੇ ਕਦੇ ਵੀ ਇਸ ਨੂੰ ਨਹੀਂ ਕੀਤਾ । ਤੁਸੀਂ ਅਜਿਹੀਆਂ ਚੀਜਾਂ ਨੂੰ ਪਰਮੇਸ਼ੁਰ ਉੱਤੇ ਨਾ ਪਾਓ । ਪਰਮੇਸ਼ੁਰ ਨੇ ਕਦੇ ਇਹ ਨਹੀਂ ਕੀਤਾ ਪਰਮੇਸ਼ੁਰ ਨੇ ਕਿਹਾ, "ਹਰੇਕ ਚੀਜ ਆਪਣੀ ਨਸਲ ਦੇ ਅਨੁਸਾਰ ਲੈ ਕੇ ਆਵੇ" । ਹਾਂ, ਸ਼੍ਰੀ ਮਾਨ ਪਰ ਇੱਕ ਖੱਚਰ—ਇੱਕ...ਉਸਦਾ ਪਿਤਾ ਇੱਕ ਖੋਤਾ ਸੀ ਅਤੇ ਉਸਦੀ ਮਾਂ ਇੱਕ ਘੋੜੀ ਸੀ, ਇਸ ਲਈ ਉਹ ਨਹੀਂ ਜਾਣਦਾ ਕਿ ਉਹ ਕਿਥੋਂ ਆਇਆ ਹੈ । ਉਹ—ਉਹ—ਉਹ ਇੱਕ ਘੋੜਾ ਹੈ ਜੋ ਇੱਕ ਖੱਚਰ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ, ਜਾਂ ਇੱਕ ਖੱਚਰ...ਜਾਂ—ਜਾਂ ਉਹ ਇੱਕ ਘੋੜਾ ਹੈ ਜੋ ਇੱਕ ਖੋਤਾ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ, ਇੱਕ ਖੋਤਾ ਘੋੜਾ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ । ਉਹ ਨਹੀਂ ਜਾਣਦਾ ਕਿ ਉਹ ਕਿਥੋਂ ਆਇਆ ਹੈ । ਅਤੇ ਉਹ ਇਸ ਸੰਸਾਰ ਵਿਚ ਸਭ ਤੋਂ ਜਿੱਦੀ ਚੀਜ ਹੈ । ਤੁਸੀਂ ਉਸ ਤੇ ਥੋੜਾ ਜਿਹਾ ਵੀ ਭਰੋਸਾ ਨਹੀਂ ਕਰ ਸਕਦੇ ।

71 ਅਤੇ ਕਲੀਸਿਯਾ ਵਿੱਚ ਵੀ ਬਹੁਤ ਸਾਰੇ ਲੋਕ ਇਸੇ ਤਰਾਂ ਹਨ । ਉਹ ਨਹੀਂ ਜਾਣਦੇ ਕਿ ਉਹਨਾਂ ਦਾ ਪਿਤਾ ਕੌਣ ਹੈ, ਉਹ ਨਹੀਂ ਜਾਣਦੇ ਕਿ ਉਹਨਾਂ ਦੀ ਮਾਂ ਕੌਣ ਹੈ । ਉਹ ਕੇਵਲ ਇੱਕ ਹੀ ਚੀਜ ਜਾਣਦੇ ਹਨ, ਕਿ ਜਾਂ ਤਾਂ ਉਹ ਪ੍ਰੈਸਬੀਟਰਿਅਨ, ਮੈਥੋਡਿਸਟ, ਬੈਪਟਿਸਟ ਹਨ ਜਾਂ ਪੈਂਟੀਕੋਸਟਲ ਜਾਂ ਕੁਝ ਹੋਰ ਹਨ । ਉਹ ਨਹੀਂ ਜਾਣਦੇ ਕਿ ਉਹ ਕਿਥੋਂ ਆਏ ਹਨ । ਅਤੇ ਉਹ ਇੱਕ ਬੁਢਾ ਖੋਤਾ ਹੈ, ਤੁਸੀਂ ਉਸ ਤੇ ਜਿੰਨਾ ਜਿਆਦਾ ਚਿਲਾਉਣਾ ਚਾਹੁੰਦੇ ਹੋ ਚਿਲਾ ਸਕਦੇ ਹੋ, ਅਤੇ ਉਹ ਉਥੇ ਹੀ ਖੜਾ ਰਹੇਗਾ ਅਤੇ ਉਹ ਵੱਡੇ ਵੱਡੇ ਕੰਨਾ ਨੂੰ ਖੜਾ ਕਰੇਗਾ ਅਤੇ ਵੇਖਦਾ ਰਹੇਗਾ । ਤੁਸੀਂ ਉਹਨਾਂ ਨੂੰ ਸਾਰੀ ਸਾਰੀ ਰਾਤ ਪ੍ਰਚਾਰ ਕਰ ਸਕਦੇ ਹੋ, ਅਤੇ ਜੱਦ ਉਹ ਜਾਣਗੇ ਤਾਂ ਉਹ ਉਸ ਤੋਂ ਕੁਝ ਜਿਆਦਾ ਨਹੀਂ ਜਾਣਦੇ ਹੋਣਗੇ ਜਿੰਨਾ ਉਹ ਅੰਦਰ ਆਉਣ ਤੋਂ ਪਹਿਲਾਂ ਜਾਣਦੇ ਸੀ । ਹੁਣ, ਇਹ ਸਹੀ ਹੈ । ਮੈਂ ਕਠੋਰ ਨਹੀਂ ਹੋਣਾ ਚਾਹੁੰਦਾ, ਪਰ ਮੈਂ ਤੁਹਾਨੂੰ ਸੱਚਾਈ ਦੱਸਣਾ ਚਾਹੁੰਦਾ ਹਾਂ ।

72 ਪਰ ਇੱਕ ਚੀਜ ਹੈ ਜੋ ਉਹ ਕਰ ਸਕਦੇ ਹਨ, ਉਹ ਚੰਗੇ ਕਾਮੇ ਹਨ । ਔਹ, ਉਹ ਬੱਸ ਕੰਮ, ਕੰਮ, ਕੰਮ, ਕੰਮ ਹੀ ਕਰਦੇ ਹਨ । ਇਹ ਮੈਨੂੰ ਇਹਨਾਂ ਅਰਮੀਨੀਆਂ ਦੇ ਸਮੂਹ ਦਾ ਚੇਤਾ ਕਰਾਉਂਦਾ ਹੈ ਜਿਹੜੇ ਹਮੇਸ਼ਾ ਆਪਣੇ ਕੰਮਾਂ ਨਾਲ ਸਵਰਗ ਵਿੱਚ ਜਾਣ ਦੀ ਕੋਸ਼ਿਸ਼ ਕਰਦੇ ਹਨ । ਇਹ ਸਹੀ ਹੈ, ਇੱਕ ਖੱਚਰ । ਔਹ, ਇਸਤਰੀ ਸਹਾਇਤਾ ਸੁਸਾਇਟੀ ਅਤੇ ਰਾਤ ਦੇ ਭੋਜਨ ਲਈ ਮੁਰਗਾ, ਪ੍ਰਚਾਰਕ ਨੂੰ ਤਨਖਾਹ ਦੇਣ ਲਈ । "ਅਤੇ ਸਾਡੇ ਕੋਲ ਇਹ ਨਾਚ ਅਤੇ ਸਮਾਜਿਕ ਪ੍ਰੋਗਰਾਮ ਹੋਣੇ ਚਾਹੀਦੇ ਹਨ" । ਇਹ ਬੱਸ ਕੰਮ, ਕੰਮ, ਕੰਮ,

ਕੰਮ, ਕੰਮ, ਕੰਮ, ਕੰਮ ਹੀ ਹਨ । ਅਤੇ, ਉਹ, ਉਹ ਕਿਸ ਲਈ ਕੰਮ ਕਰ ਰਹੇ ਹਨ?

73 ਉਹਨਾਂ ਨੂੰ ਪੁਛੋ, “ਕੀ ਜੱਦ ਤੁਸੀਂ ਵਿਸ਼ਵਾਸ ਕੀਤਾ ਤਾਂ ਤੁਸੀਂ ਪਵਿੱਤਰ ਆਤਮਾ ਪਾਇਆ?”

74 ਉਹ ਆਪਣੇ ਕੰਨ ਬਾਹਰ ਕਢਣਗੇ, ਅਤੇ ਉਹ ਨਹੀਂ ਜਾਣਦੇ ਕਿ ਉਹ ਕਿਥੋਂ ਆਏ ਹਨ, “ਤੁਹਾਡਾ ਕੀ ਮਤਲਬ ਹੈ? *ਇਹ* ਸਭ ਕਿਥੇ ਹੈ? ਤੁਹਾਡਾ ਕੀ ਮਤਲਬ ਹੈ, ਪਵਿੱਤਰ ਆਤਮਾ? ਮੈਂ ਇਸ ਦੇ ਬਾਰੇ ਕੁਝ ਵੀ ਨਹੀਂ ਸੁਣਿਆ । ਔਹ, ਤੁਸੀਂ ਜਰੂਰ ਕਿਸੇ ਕਿਸਮ ਦੇ ਕੱਟੜ ਪੰਥੀ ਹੋ” । ਵੇਖਿਆ, ਉਹ ਨਹੀਂ ਜਾਣਦੇ ਕਿ ਪਿਤਾ ਕੌਣ ਸੀ, ਜਾਂ ਮਾਂ ਕੌਣ ਸੀ । ਅਤੇ ਹਰੇਕ ਕੰਮ ਦੇ ਲਈ ਤੁਹਾਨੂੰ ਉਹਨਾਂ ਨੂੰ ਮਾਰਨਾ ਕੁੱਟਣਾ ਪੈਂਦਾ ਹੈ, *ਇਥੇ* ਕੁੱਟੋ ਅਤੇ *ਉਥੇ* ਕੁੱਟੋ ਅਤੇ *ਇਥੇ* ਕੁੱਟੋ ਅਤੇ *ਉਥੇ* ਕੁੱਟੋ । ਇਹ ਸਹੀ ਹੈ, ਇੱਕ ਬੁਢੀ ਖੱਚਰ ।

75 ਪਰ, ਮੈਂ ਤਹਾਨੂੰ ਦੱਸਦਾ ਹਾਂ, ਤਹਾਨੂੰ ਇੱਕ ਅਸਲ ਨਸਲ ਦੇ ਘੋੜੇ ਨਾਲ ਇਸ ਤਰਾਂ ਨਹੀਂ ਕਰਨਾ ਪਵੇਗਾ । ਬੱਸ ਉਸ ਨੂੰ ਇੱਕ ਵਾਰ ਛਾਂਟਾ ਮਾਰੋ, ਅਤੇ ਭਾਈ, ਉਹ ਨੱਸ ਪਵੇਗਾ । ਉਹ ਜਾਣਦਾ ਹੈ ਕਿ ਉਹ ਕੀ ਕਰ ਰਿਹਾ ਹੈ । ਔਹ, ਇੱਕ ਨਸਲੀ ਘੋੜੇ ਤੇ ਸਵਾਰੀ ਕਰਨਾ ਕਿੰਨਾ ਵਧੀਆ ਹੈ! ਇਹ ਕਹਿਣਾ ਕਿੰਨਾ ਚੰਗਾ ਹੈ, “ਚੱਲ, ਲੜਕੇ” । ਔਹ, ਬੰਦੇ, ਚੰਗਾ ਹੋਵੇਗਾ ਕਿ ਤੁਸੀਂ ਕੱਸ ਕੇ ਫੜ ਲਵੋ, ਨਹੀਂ ਤਾਂ ਉਹ ਕਾਠੀ ਨੂੰ ਹਵਾ ਵਿੱਚ ਹੀ ਛੱਡ ਦਵੇਗਾ ।

76 ਅਸਲੀ ਨਸਲ ਦੇ ਮਸੀਹੀਆਂ ਨਾਲ ਵੀ ਇਸੇ ਤਰਾਂ ਹੈ ।ਹਲਲੂਯਾਹ! “ਤੁਸੀਂ ਪਵਿੱਤਰ ਆਤਮਾ ਪਾਓਗੇ । ਤੁਹਾਡੇ ਵਿਚੋਂ ਹਰੇਕ, ਤੋਬਾ ਕਰੇ, ਅਤੇ ਯਿਸੂ ਮਸੀਹ ਦੇ ਨਾਮ ਵਿੱਚ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਬਪਤਿਸਮਾ ਲਵੇ” । ਉਹ ਚਲੇ ਜਾਣਗੇ, ਜਿੰਨਾ ਛੇਤੀ ਉਹ ਪਾਣੀ ਕੋਲ ਜਾ ਸਕਦੇ ਹਨ, ਉਹ ਚਲੇ ਜਾਣਗੇ । ਉਹ ਰਾਤ ਅਤੇ ਦਿਨ ਆਰਾਮ ਨਹੀਂ ਕਰ ਸਕਦੇ ਜੱਦ ਤਕ ਉਹ ਪਵਿੱਤਰ ਆਤਮਾ ਨਾ ਪਾ ਲੈਣ । ਕਿਉਂ? ਤੁਸੀਂ ਜਾਣਦੇ ਹੋ, ਇੱਕ ਮਸੀਹ ਜਾਣਦਾ ਹੈ ਕਿ ਉਸਦਾ ਪਿਤਾ ਕੌਣ ਸੀ । ਵੇਖੋ, ਇੱਕ ਜਨਮ ਦੇ ਲਈ ਦੋ ਜਣਿਆਂ ਦੀ ਲੋੜ ਹੁੰਦੀ ਹੈ । ਇਹ ਸਹੀ ਹੈ, ਪਿਤਾ ਅਤੇ ਮਾਂ । ਖੱਚਰ ਨਹੀਂ ਜਾਣਦਾ ਕਿ ਪਿਤਾ ਕਿਹੜਾ ਸੀ ਜਾਂ ਮਾਂ ਕਿਹੜੀ ਸੀ । ਪਰ ਅਸੀਂ ਜਾਣਦੇ ਹਾਂ ਪਿਤਾ ਅਤੇ ਮਾਂ ਕੌਣ ਸਨ, ਕਿਉਂਕਿ ਅਸੀਂ ਪਰਮੇਸ਼ੁਰ ਦੇ ਲਿਖਿਤ ਵਚਨ ਤੋਂ ਜੰਮੇ ਹਾਂ, ਆਤਮਾ ਦੁਆਰਾ ਇਸ ਨੂੰ ਪੱਕਾ ਕੀਤਾ ਗਿਆ ਹੈ । ਪਤਰਸ ਨੇ, ਪੰਤੇਕੁਸਤ ਦੇ ਦਿਨ ਕਿਹਾ, “ਜੇ ਤੁਹਾਡੇ ਵਿਚੋਂ ਹਰੇਕ ਤੌਬਾ ਕਰੇ ਅਤੇ ਆਪਣੇ ਪਾਪਾਂ ਦੇ ਮਾਫ਼ੀ ਲਈ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਵੇ ਤਾਂ ਤੁਸੀਂ ਪਵਿੱਤਰ ਆਤਮਾ ਦਾ ਦਾਨ ਪਾਉਗੇ” ।

77 ਅਤੇ, ਭਾਈ, ਇੱਕ ਅਸਲ ਨਵੇਂ-ਸਿਰਿਉਂ ਜੰਮਿਆਂ ਮਸੀਹ, (ਔਹ, ਮੇਰੇ) ਉਸਦੀ ਆਤਮਾ, ਜਿਵੇਂ ਹੀ ਉਹ ਵਚਨ ਨੂੰ ਲੈਂਦਾ ਹੈ, ਉਹ ਪਵਿੱਤਰ ਆਤਮਾ ਨੂੰ ਪਾ ਲੈਂਦਾ ਹੈ। ਫਿਰ ਉਸ ਨੂੰ ਕੁਝ ਪੁਛੋ! ਉਹ ਜਾਣਦਾ ਹੈ ਕਿ ਉਹ ਕਿਥੇ ਖੜਾ ਹੈ। "ਕੀ ਤੁਸੀਂ ਰੱਬੀ ਚੰਗਾਈ ਤੇ ਵਿਸ਼ਵਾਸ ਕਰਦੇ ਹੋ?

"ਆਮੀਨ!"

"ਕੀ ਤੁਸੀਂ ਦੂਜੀ ਆਮਦ ਵਿੱਚ ਵਿਸ਼ਵਾਸ ਕਰਦੇ ਹੋ?"

"ਆਮੀਨ!"

78 ਇਹ ਸਭ ਇੱਕ ਖੱਚਰ ਤੋਂ ਪੁਛੋ। ਖੱਚਰ ਧਰਮ, "ਹੂੰ, ਮੈਂ ਨਹੀਂ ਜਾਣਦਾ। ਡਾਕਟਰ ਜੋਨਸ ਨੇ ਇੱਕ ਵਾਰ ਕਿਹਾ ਸੀ..." ਹੂੰ! ਉਥੇ, ਸਾਉਲ ਦੇ ਪਿਛੇ ਜਾਓ। ਵੇਖਿਆ? "ਔਹ, ਉਹ ਨਹੀਂ ਜਾਣਦੇ। ਅੱਛਾ, ਮੈਂ ਤਹਾਨੂੰ ਦੱਸਦਾ ਹਾਂ, ਮੇਰੀ ਕਲੀਸਿਯਾ ਨੂੰ ਇਸਦੇ ਬਾਰੇ ਪੱਕਾ ਨਹੀਂ ਪਤਾ ਹੈ"।

79 ਔਹ, ਭਾਈ, ਪਰ ਇੱਕ ਨਵੇਂ-ਸਿਰੇ ਤੋਂ ਜਨਮ ਪਾਇਆ ਹੋਇਆ ਆਦਮੀ ਜਾਂ ਔਰਤ ਪ੍ਰਭੂ ਯਿਸੂ ਦੀ ਆਮਦ ਬਾਰੇ ਐਨਾ ਪੱਕਾ ਹੈ, ਉਹ ਪਵਿੱਤਰ ਆਤਮਾ ਪਾਏ ਹੋਣ ਬਾਰੇ ਐਨੇ ਪੱਕੇ ਹਨ ਜਿਵੇਂ ਇਹ ਪੱਕਾ ਹੈ ਕਿ ਇੱਕ ਪਵਿੱਤਰ ਆਤਮਾ ਹੈ ਜਿਹੜਾ ਦਿੱਤਾ ਜਾਣਾ ਹੈ।

80 ਹੁਣ, ਯਿਸੂ ਨੇ ਕਿਹਾ...ਖੂਹ ਤੇ ਉਸ ਔਰਤ ਨੇ ਕਿਹਾ, "ਅਸੀਂ ਪਹਾੜ ਉਤੇ ਉਪਾਸਨਾ ਕਰਦੇ ਹਾਂ, ਅਤੇ ਯਹੂਦੀ ਯਰੁਸ਼ਲਮ ਵਿੱਚ ਉਪਾਸਨਾ ਕਰਦੇ ਹਨ"।

81 ਉਸ ਨੇ ਕਿਹਾ, "ਔਰਤ, ਮੇਰੇ ਵਚਨਾਂ ਨੂੰ ਸੁਣ! ਉਹ ਘੜੀ ਆਉਂਦੀ ਹੈ, ਅਤੇ ਹੁਣ ਆ ਪਹੁੰਚੀ ਹੈ, ਜਦੋਂ ਪਿਤਾ ਉਹਨਾਂ ਨੂੰ ਭਾਲੇਗਾ ਜਿਹੜੇ ਉਸਦੀ ਭਗਤੀ ਆਤਮਾ ਅਤੇ ਸਚਾਈ ਨਾਲ ਕਰਦੇ ਹਨ"।

82 ਤੇਰਾ ਵਚਨ ਹੀ ਸਚਾਈ ਹੈ। ਅਤੇ ਉਹ ਹਰੇਕ ਮਨੁੱਖ ਜਿਹੜਾ ਬਾਈਬਲ ਨੂੰ ਪੜੇਗਾ ਅਤੇ ਉਸ ਹਰੇਕ ਵਚਨ ਤੇ ਵਿਸ਼ਵਾਸ ਕਰੇਗਾ ਜੋ ਬਾਈਬਲ ਕਹਿੰਦੀ ਹੈ, ਅਤੇ ਇਸ ਦੇ ਨਿਰਦੇਸ਼ਾਂ ਦੀ ਪਾਲਣਾ ਕਰੇਗਾ, ਅਤੇ ਉਸੇ ਪਵਿੱਤਰ ਆਤਮਾ ਨੂੰ ਪਵੇਗਾ ਜਿਹੜਾ ਉਹਨਾਂ ਨੇ ਪਾਇਆ ਸੀ, ਉਸ ਤਰੀਕੇ ਨਾਲ ਜਿਵੇਂ ਉਹਨਾਂ ਨੇ ਪਾਇਆ ਸੀ, ਉਹੀ ਨਤੀਜੇ ਜਿਹੜੇ ਉਹਨਾਂ ਨੇ ਪਾਏ, ਉਹੀ ਸ਼ਕਤੀ ਜਿਹੜੀ ਉਹਨਾਂ ਨੂੰ ਮਿਲੀ ਜੱਦ ਉਹਨਾਂ ਇਸ ਨੂੰ ਪਾਇਆ, ਉਹ ਜਾਣਦਾ ਹੈ ਕਿ ਉਸਦਾ ਪਿਤਾ ਅਤੇ ਮਾਂ ਕੌਣ ਸਨ। ਉਹ ਜਾਣਦਾ ਹੈ ਕਿ ਉਹ ਯਿਸੂ ਮਸੀਹ ਦੇ ਲਹੂ ਵਿੱਚ ਧੋਤਾ ਗਿਆ ਹੈ, ਆਤਮਾ ਤੋਂ ਜੰਮਿਆਂ, ਪਰਮੇਸ਼ੁਰ ਦੇ ਮਸਹ ਨਾਲ ਭਰ ਦਿੱਤਾ ਗਿਆ ਹੈ। ਉਹ ਜਾਣਦਾ ਹੈ ਕਿ ਉਹ ਕਿਥੇ ਖੜਾ ਹੈ। ਯਕੀਨਨ! ਉਹ ਕਨਾਨ ਵਿੱਚ ਹੈ। ਉਹ ਜਾਣਦਾ ਹੈ ਕਿ ਉਹ ਕਿਥੋਂ ਆਇਆ ਹੈ। ਅਸਲ

ਮਸੀਹੀਆਂ ਨਾਲ ਵੀ ਇਸ ਤਰਾਂ ਹੈ । ਉਸ ਨੂੰ ਪੁਛੋ, “ਕੀ ਜੱਦ ਤੁਸੀਂ ਵਿਸ਼ਵਾਸ ਕੀਤਾ ਤਾਂ ਪਵਿੱਤਰ ਆਤਮਾ ਨੂੰ ਪਾਇਆ?”

“ਆਮੀਨ, ਭਾਈ!”

83 ਕਿਸੇ ਦਿਨ ਮੈਂ ਇੱਕ ਬਾਨਵੇਂ ਸਾਲ ਦੀ ਬਜ਼ੁਰਗ ਸੰਤ ਕੋਲ ਖੜਾ ਸੀ, ਉਹ ਆਪਣੇ ਅੱਸੀ ਸਾਲ ਦੇ ਪਾਸਟਰ ਨਾਲ ਗਲ ਕਰ ਰਹੀ ਸੀ, ਮੈਂ ਕਿਹਾ, “ਦਾਦੀ ਮਾਂ?”

ਜਿੰਨੀ ਰੌਨਕ ਨਾਲ ਉਹ ਬੋਲ ਸਕਦੀ ਸੀ, ਉਸਨੇ ਕਿਹਾ, “ਹਾਂ, ਮੇਰੇ ਪੁੱਤ੍ਰ” ।

84 ਮੈਂ ਕਿਹਾ, “ਤਹਾਨੂੰ ਪਵਿੱਤਰ ਆਤਮਾ ਪਾਏ ਹੋਏ ਕਿੰਨਾ ਚਿਰ ਹੋ ਗਿਆ ਹੈ?”

ਉਸ ਨੇ ਕਿਹਾ, “ਪਰਮੇਸ਼ੁਰ ਦੀ ਮਹਿਮਾ ਹੋਵੇ! ਕਰੀਬ ਸੱਠ ਸਾਲ ਪਹਿਲਾਂ ਮੈਂ ਇਸ ਨੂੰ ਪਾ ਲਿਆ ਸੀ” ।

85 ਹੁਣ, ਜੇ ਉਹ ਇੱਕ ਖੱਚਰ ਹੁੰਦੀ, ਤਾਂ ਉਸ ਨੇ ਕਿਹਾ ਹੁੰਦਾ, “ਹੁਣ, ਇੱਕ ਮਿੰਟ ਰੁਕੋ, ਮੈਨੂੰ ਪੱਕਾ ਕੀਤਾ ਗਿਆ ਅਤੇ ਮੇਰੇ ਤੇ ਛਿੜਕਾ ਕੀਤਾ ਗਿਆ ਸੀ ਜਦੋ ਮੈਂ...ਅੱਛਾ, ਯਕੀਨਨ, ਅਤੇ ਉਹ ਮੈਨੂੰ ਗਿਰਜੇ ਵਿੱਚ ਲੈ ਗਏ ਅਤੇ ਮੈਂ *ਇਸ* ਦੇ ਲਈ ਆਪਣਾ ਪੱਤਰ ਲੈ ਲਿਆ ਸੀ” । ਔਹ, ਮੇਰੇ ਤੇ ਰਹਿਮ ਕਰੋ! ਉਹ ਇਹ ਵੀ ਨਹੀਂ ਜਾਣਦੇ ਕਿ ਉਹ ਕਿਥੋਂ ਆਏ ਹਨ ।

86 ਪਰ ਉਹ ਜਾਣਦੀ ਸੀ ਕਿ ਉਸਦਾ ਜਨਮ ਸਿੱਧ ਅਧਿਕਾਰ ਆਇਆ ਹੈ । ਜਦੋਂ ਇਹ ਹੋਇਆ ਤੱਦ ਉਹ ਉਥੇ ਸੀ । ਉਹ ਜਲ ਅਤੇ ਆਤਮਾ ਤੋਂ ਜੰਮੀ ਸੀ । ਉਹ ਜਾਣਦੀ ਸੀ, ਅਤੇ ਵਚਨ ਦੇ ਪਾਣੀ ਨਾਲ ਧੋਤੇ ਜਾਣ ਦੁਆਰਾ, ਵਚਨ ਨੂੰ ਲੈਣ ਦੁਆਰਾ ।

87 ਹੁਣ ਇਹ ਵੇਖੋ ਕਿ ਇਸ ਨੂੰ ਕਿਵੇਂ ਸੰਬੋਧਿਤ ਕੀਤਾ ਗਿਆ ਹੈ, “ਉਹ ਜਿਹੜੇ ਮਸੀਹ ਯਿਸੂ ਵਿੱਚ ਹਨ” । ਪੌਲੁਸ, ਹੁਣ, ਯਾਦ ਰੱਖਣਾ...ਮੈਂ ਥੋੜਾ ਜਿਆਦਾ ਸਮਾਂ ਲੈ ਰਿਹਾ ਹਾਂ, ਪਰ ਮੈਂ ਇਸ ਅਧਿਆਏ ਨੂੰ ਪੂਰਾ ਨਹੀਂ ਕਰ ਪਾਵਾਂਗਾ । ਪਰ ਮੈਂ ਛੇਤੀ ਕਰਾਂਗਾ...ਕੀ ਤਹਾਨੂੰ ਚੰਗਾ ਲਗਦਾ ਹੈ? ਔਹ, ਇਹ ਸਾਨੂੰ ਦੱਸਦਾ ਹੈ ਕਿ ਅਸੀਂ ਕਿਥੇ ਹਾਂ, ਪਰ ਅਸੀਂ ਇਸ ਨੂੰ ਕੇਵਲ ਇੱਕ ਹੀ ਰਾਤ ਵਿੱਚ ਨਹੀਂ ਕਰ ਸਕਦੇ । ਸਾਨੂੰ ਇਸ ਦੇ ਲਈ ਇੱਕ ਜਾਂ ਦੋ ਮਹੀਨੇ ਲਈ ਹਰੇਕ ਰਾਤ ਚਾਹੀਦੀ ਹੈ, ਤਾਂ ਜੋ ਇਸ ਨੂੰ ਪੂਰਾ ਕਰ ਸਕੀਏ, ਵਚਨ ਦਰ ਵਚਨ । ਪਿਛਾਂਹ ਜਾ ਕੇ ਅਤੇ ਇਸ ਨੂੰ ਵਚਨ ਦਰ ਵਚਨ, ਇਤਿਹਾਸ ਵਿਚੋਂ ਬਾਹਰ

ਲਿਆਉਣਾ, ਅਤੇ ਤਹਾਨੂੰ ਵਿਖਾਉਣ ਲਈ ਕਿ ਇਹ ਸਚਾਈ ਹੈ । ਹੁਣ ਮੈਨੂੰ ਛੇਤੀ ਨਾਲ ਇਸ ਆਇਤ ਨੂੰ ਦੁਬਾਰਾ ਪੜ ਲੈਣ ਦਿਓ ।

*ਪੌਲੁਸ ਜਿਹੜਾ ਪਰਮੇਸ਼ੁਰ ਦੀ ਇੱਛਿਆ ਤੋਂ ਮਸੀਹ ਯਿਸੂ ਦਾ ਰਸੂਲ ਹਾਂ* (ਮਨੁੱਖ ਦੀ ਇੱਛਿਆ ਤੋਂ ਨਹੀਂ), *ਅੱਗੇ ਜੋਗ ਉਨ੍ਹਾਂ ਸੰਤਾਂ ਨੂੰ ਜਿਹੜੇ ਅਫ਼ਸੁਸ ਵਿੱਚ ਵੱਸਦੇ ਹਨ ਅਤੇ* (ਸੰਗਮ)*ਮਸੀਹ ਯਿਸੂ ਵਿੱਚ ਵਫ਼ਾਦਾਰ ਹਨ:*

88 ਮਤਲਬ, "ਉਹ ਬਾਹਰ ਬੁਲਾਏ ਗਏ ਹਨ, ਵਖਰੇ ਕੀਤੇ ਗਏ ਹਨ, ਅਤੇ ਹੁਣ ਪਵਿੱਤਰ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ ਹੈ, ਅਤੇ ਮਸੀਹ ਯਿਸੂ ਵਿਚ ਹਨ । ਮੇਰੇ ਪਿਆਰਿਓ, ਇਹ ਪੱਤਰੀ ਮੈਂ ਤਹਾਨੂੰ ਲਿਖ ਰਿਹਾ ਹਾਂ" । ਔਹ! ਮੈਂ ਹੁਣ ਇਸ ਵੇਲੇ ਪੌਲੂਸ ਨੂੰ ਉਹਨਾਂ ਦੇ ਨਾਲ ਸੋਚ ਰਿਹਾ ਹਾਂ, ਔਹ, ਕਿੰਨਾ ਖੁਸ਼ ਹੈ! ਉਸ ਵਿਚਾਰੇ ਰਸੂਲ ਦਾ ਸਿਰ ਉਸ ਜਗਾ ਤੇ ਕੱਟ ਦਿਤਾ ਗਿਆ ਸੀ । ਮੈਂ ਉਸ ਜਗਾ ਤੇ ਖੜਾ ਸੀ ਜਿਥੇ ਉਹਨਾਂ ਉਸ ਦਾ ਸਿਰ ਕੱਟਿਆ ਸੀ । ਪਰ, ਔਹ, ਉਸਦਾ ਸਿਰ ਹੁਣ ਉਸ ਨਵੀਂ ਦੇਹ ਉੱਤੇ ਹੈ, ਅਤੇ ਦੁਬਾਰਾ ਕਦੇ ਵੀ ਕੱਟਿਆ ਨਹੀਂ ਜਾ ਸਕਦਾ । ਅਤੇ ਹੁਣ ਉਹ ਠੀਕ ਇਸ ਵਕਤ ਉਸ ਜਗਾ ਤੇ ਉਹਨਾਂ ਦੇ ਨਾਲ ਖੜਾ ਹੈ, ਉਹੀ ਰਸੂਲ ਜਿਸਨੇ ਇਹ ਪੱਤਰੀ ਲਿਖੀ ਸੀ । ਅਤੇ ਕਿਹਾ, "ਉਹਨਾਂ ਨੂੰ ਜਿਹੜੇ ਮਸੀਹ ਯਿਸੂ ਵਿੱਚ ਹਨ! ਅਸਾਂ ਸਭਨਾ ਨੂੰ ਇੱਕ ਸਰੀਰ ਬਣਨ ਲਈ ਇੱਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ" । ਹੁਣ ਵੇਖੋ ।

*ਸਾਡੇ ਪਿਤਾ ਪਰਮੇਸ਼ੁਰ ਅਤੇ ਪ੍ਰਭੁ ਯਿਸੂ ਮਸੀਹ ਦੀ ਵੱਲੋਂ ਤੁਹਾਨੂੰ ਕਿਰਪਾ ਅਤੇ ਸ਼ਾਂਤੀ ਹੁੰਦੀ ਰਹੇ।।*

*ਮੁਬਾਰਕ ਹੋਵੇ ਸਾਡੇ ਪ੍ਰਭੁ ਯਿਸੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹਨੇ…*

ਔਹ, ਕੀ ਤੂੰ ਇਹ ਸੁਣ ਰਿਹਾ ਹੈਂ, ਚਾਰਲੀ?

*…ਸਭ ਪਰਕਾਰ ਦੀਆਂ ਆਤਮਕ ਬਰਕਤਾਂ ਨਾਲ ਸਾਨੂੰ ਬਰਕਤ ਦਿੱਤੀ…*

89 ਇਹ ਨਹੀਂ ਕਿ ਉਸਨੇ ਥੋੜਾ ਰਸੂਲਾਂ ਨੂੰ ਦਿੱਤਾ ਅਤੇ ਥੋੜਾ *ਇਸ* ਨੂੰ ਦਿਤਾ, ਪਰ ਉਸਨੇ ਅਸਾਂ ਸਭਨਾਂ ਨੂੰ ਸਭ ਪਰਕਾਰ ਦੀਆਂ ਆਤਮਿਕ ਬਰਕਤਾਂ ਨਾਲ ਬਰਕਤ ਦਿੱਤੀ ।ਜਿਹੜਾ ਪਵਿੱਤਰ ਆਤਮਾ ਪੰਤੇਕੁਸਤ ਦੇ ਦਿਨ ਉੱਤਰਿਆ ਸੀ, ਉਹੀ ਪਵਿੱਤਰ ਆਤਮਾ ਅੱਜ ਰਾਤ ਇਥੇ ਹੈ । ਉਹੀ ਪਵਿੱਤਰ ਆਤਮਾ ਜਿਸ ਨੇ ਮਰੀਅਮ ਨੂੰ ਚਿਲਾਉਣ ਅਤੇ ਪਰਾਈਆਂ ਭਾਸ਼ਾਵਾਂ ਵਿੱਚ ਬੋਲਣ ਲਾਇਆ, ਅਤੇ ਇੱਕ ਸ਼ਾਨਦਾਰ ਸਮਾਂ ਅਤੇ ਅਨੰਦ ਦਿੱਤਾ, ਅਤੇ ਜਿਹੜੇ ਕੰਮ

ਉਸ ਨੇ ਕੀਤੇ, ਉਹੀ ਪਵਿੱਤਰ ਆਤਮਾ ਅੱਜ ਰਾਤ ਇਥੇ ਹੈ । ਉਹੀ ਪਵਿੱਤਰ ਆਤਮਾ ਜਿਸ ਨੇ ਪੌਲੁਸ ਨੂੰ ਉਸ ਪੁਰਾਣੇ ਜਹਾਜ ਤੇ, ਜਿਥੇ ਇਸ ਤਰਾਂ ਲਗ ਰਿਹਾ ਸੀ ਕਿ ਪਾਣੀ ਨਾਲ ਭਰ ਗਿਆ ਸੀ ਅਤੇ ਨਾਸ਼ ਹੋ ਗਿਆ ਸੀ, ਅਤੇ ਚੋਦਾਂ ਦਿਨ ਅਤੇ ਰਾਤਾਂ, ਨਾ ਚੰਦ ਨਾ ਸਿਤਾਰੇ । ਉਸ ਨੇ ਵੇਖਿਆ ਅਤੇ ਹਰੇਕ ਲਹਿਰ ਦੇ ਉੱਤੇ ਇੱਕ ਦੁਸਟ ਆਤਮਾ, ਝਾਕ ਰਿਹਾ ਸੀ, ਅਤੇ ਦੰਦੀਆਂ ਚਕਾ ਰਿਹਾ ਸੀ, ਅਤੇ ਕਿਹਾ, "ਬੁੱਢੇ ਲੜਕੇ, ਹੁਣ ਮੈਂ ਤੈਨੂੰ ਡੋਬ ਦਿਆਂਗਾ । ਹੁਣ ਤੂੰ ਮੇਰੇ ਹੱਥ ਵਿੱਚ ਹੈਂ" ।

90 ਅਤੇ ਜਦ ਪੌਲੁਸ ਇੱਕ ਛੋਟੀ ਪ੍ਰਾਰਥਨਾ ਕਰਨ ਲਈ ਹੇਠਾਂ ਗਿਆ, ਇੱਕ ਦੂਤ ਉਥੇ ਖੜਾ ਸੀ, ਕਿਹਾ, "ਨਾ ਡਰ, ਪੌਲੁਸ । ਇਹ ਪੁਰਾਣਾ ਜਹਾਜ ਕਿਸੇ ਟਾਪੂ ਤੇ ਜਾ ਕੇ ਬਰਬਾਦ ਹੋ ਜਾਵੇਗਾ । ਜਾ ਅਤੇ ਆਪਣਾ ਖਾਣਾ ਖਾ, ਹੁਣ ਸਭ ਕੁਝ ਠੀਕ ਹੈ" ।

91 ਉਹ ਆਪਣੀਆਂ ਛੋਟੀਆਂ ਪੁਰਾਣੀਆਂ ਬਾਹਾਂ ਤੇ ਜੰਜੀਰਾਂ ਨਾਲ ਜਕੜਿਆ ਹੋਇਆ ਆਇਆ, ਆਪਣੇ ਪੈਰਾਂ ਨੂੰ ਧੁੰਦਾ ਹੋਇਆ, ਅਤੇ ਕਿਹਾ, "ਹੇ ਪੁਰਖੋ, ਹੌਸਲਾ ਰਖੋ, ਇਸ ਲਈ ਕਿ ਉਹ ਪਰਮੇਸ਼ੁਰ ਜਿਹ ਦਾ ਮੈਂ ਹਾਂ ਅਤੇ ਜਿਸ ਦੀ ਸੇਵਾ ਵੀ ਕਰਦਾ ਹਾਂ ਉਹ ਦਾ ਦੂਤ ਅੱਜ ਰਾਤ ਮੇਰੇ ਕੋਲ ਆਣ ਖਲੋਤਾ ਅਤੇ ਕਿਹਾ, 'ਹੇ ਪੌਲੁਸ, ਨਾ ਡਰ'"। ਉਹੀ ਪਵਿੱਤਰ ਆਤਮਾ ਅੱਜ ਰਾਤ ਇਸ ਜਗਾ ਤੇ ਹੈ, ਪਰਮੇਸ਼ੁਰ ਦੀ ਉਹੀ ਆਤਮਾ, ਸਾਡੀ ਉਹੀ ਆਤਮਿਕ ਬਰਕਤਾਂ ਨਾਲ ਸੇਵਾ ਕਰ ਰਹੀ ਹੈ ।

> *...ਸੁਰਗੀ ਥਾਵਾਂ ਵਿੱਚ ਸਭ ਪਰਕਾਰ ਦੀਆਂ ਆਤਮਕ ਬਰਕਤਾਂ ਨਾਲ ਸਾਨੂੰ ਬਰਕਤ ਦਿੱਤੀ...*

92 ਔਹ, ਆਓ ਇਸ ਜਗਾ ਤੇ ਬੱਸ ਇੱਕ ਮਿੰਟ ਹੋਰ ਰੁਕਦੇ ਹਾਂ । "ਸਵਰਗੀ ਥਾਂਵਾਂ ਵਿੱਚ" । ਹੁਣ, ਕਿਸੇ ਵੀ ਜਗਾ ਤੇ ਨਹੀਂ, ਪਰ ਸਵਰਗੀ ਥਾਂਵਾਂ ਵਿੱਚ । ਅਸੀਂ "ਸਵਰਗੀ" ਥਾਂਵਾਂ ਵਿੱਚ ਇੱਕਠੇ ਹੋਏ ਹਾਂ, ਇਸਦਾ ਮਤਲਬ ਹੈ ਕਿ ਵਿਸ਼ਵਾਸੀ ਦਾ ਇੱਕ ਸਥਾਨ ਹੈ । ਇਹ ਕਿ, ਜੇ ਮੈਂ ਪ੍ਰਾਰਥਨਾ ਕੀਤੀ ਹੈ, ਤੁਸੀਂ ਪ੍ਰਾਰਥਨਾ ਕੀਤੀ ਹੈ, ਜਾਂ ਕਲੀਸਿਯਾ ਨੇ ਪ੍ਰਾਰਥਨਾ ਕੀਤੀ ਹੈ ਅਤੇ ਅਸੀਂ ਸੰਦੇਸ਼ ਲਈ ਤਿਆਰ ਹਾਂ, ਅਤੇ ਅਸੀਂ ਸੰਤਾਂ ਵਾਂਗ ਆਪਣੇ ਆਪ ਨੂੰ ਇਕੱਠੇ ਕੀਤਾ ਹੈ, ਬਾਹਰ ਬੁਲਾਏ ਗਏ, ਪਵਿੱਤਰ ਆਤਮਾ ਨਾਲ ਬਪਤਿਸਮਾ ਪਾਏ ਹੋਏ, ਪਰਮੇਸ਼ੁਰ ਦੀਆਂ ਬਰਕਤਾਂ ਨਾਲ ਭਰੇ ਹੋਏ, ਬੁਲਾਏ ਹੋਏ, ਚੁਣੇ ਹੋਏ, ਹੁਣ ਸਵਰਗੀ ਥਾਂਵਾਂ ਵਿੱਚ ਇਕਠੇ ਕੀਤੇ ਗਏ ਹਾਂ, ਅਸੀਂ ਆਪਣੇ ਪ੍ਰਾਣਾਂ ਵਿੱਚ ਸਵਰਗੀ ਲੋਕ ਹਾਂ । ਸਾਡੀਆਂ ਰੂਹਾਂ ਨੇ ਸਾਨੂੰ ਇੱਕ ਸਵਰਗੀ ਵਾਤਾਵਰਨ ਵਿੱਚ ਲੈ ਆਉਂਦਾ ਹੈ । ਔਹ, ਭਾਈ! ਇਥੇ ਹੋ ਤੁਸੀਂ, ਇੱਕ ਸਵਰਗੀ ਵਾਤਾਵਰਨ

ਵਿੱਚ! ਔਹ, ਅੱਜ ਰਾਤ ਕੀ ਹੋ ਸਕਦਾ ਹੈ, ਅੱਜ ਰਾਤ ਕੀ ਹੋ ਸਕਦਾ ਹੈ ਜੇ ਅਸੀਂ ਸਵਰਗੀ ਵਾਤਾਵਰਣ ਵਿੱਚ ਬੈਠੇ ਹੋਈਏ, ਅਤੇ ਪਵਿੱਤਰ ਆਤਮਾ ਹਰੇਕ ਹਿਰਦੇ ਤੇ ਮੰਡਰਾ ਰਿਹਾ ਹੈ ਜਿਸ ਨੂੰ ਮੁੜ ਤੋਂ ਸਿਰਜਿਆ ਗਿਆ ਹੈ, ਅਤੇ ਮਸੀਹ ਯਿਸੂ ਵਿੱਚ ਇੱਕ ਨਵੀਂ ਸਰਿਸ਼ਟ ਬਣ ਗਿਆ ਹੈ? ਸਾਰੇ ਪਾਪ ਲਹੂ ਦੇ ਹੇਠ ਹਨ, ਸਿੱਧ ਉਪਾਸਨਾ ਵਿੱਚ, ਸਾਡੇ ਹਿਰਦੇ ਅਤੇ ਹੱਥ ਪਰਮੇਸ਼ੁਰ ਵਲ ਉਪਰ ਨੂੰ ਉਠੇ ਹੋਏ ਹਨ, ਮਸੀਹ ਯਿਸੂ ਨਾਲ ਸਵਰਗੀ ਥਾਂਵਾਂ ਵਿੱਚ ਬੈਠੇ ਹੋਏ ਹਾਂ, ਸਵਰਗੀ ਥਾਂਵਾਂ ਵਿੱਚ ਇਕੱਠੇ ਉਪਾਸਨਾ ਕਰ ਰਹੇ ਹਾਂ।

93 ਕੀ ਤੁਸੀਂ ਕਦੇ ਸਵਰਗੀ ਥਾਂ ਵਿੱਚ ਬੈਠੇ ਹੋ? ਔਹ, ਮੈਂ ਉਦੋਂ ਤੱਕ ਬੈਠਾ ਰਿਹਾ ਹਾਂ ਜੱਦ ਤੱਕ ਮੈਂ ਅਨੰਦ ਨਾਲ ਰੋ ਨਾ ਪਿਆ ਅਤੇ ਆਖਿਆ, “ਪਰਮੇਸ਼ੁਰ, ਮੈਨੂੰ ਐਥੋਂ ਕਦੇ ਨਾ ਜਾਣ ਦੇ”। ਸਿਰਫ ਮਸੀਹ ਯਿਸੂ ਵਿੱਚ ਸਵਰਗੀ ਥਾਂਵਾਂ!

94 ਸਾਨੂੰ ਕਾਹਦੇ ਨਾਲ ਬਰਕਤ ਦੇ ਰਿਹਾ ਹੈ? ਦੈਵਿਕ ਚੰਗਾਈ, ਪੂਰਵ ਗਿਆਨ, ਪ੍ਰਕਾਸ਼ਨ, ਦਰਸ਼ਨਾਂ, ਸ਼ਕਤੀਆਂ, ਪਰਾਈਆਂ ਭਾਸ਼ਾਵਾਂ, ਤਰਜਮੇ, ਬੁੱਧੀ, ਗਿਆਨ, ਸਭ ਸਵਰਗੀ ਬਰਕਤਾਂ, ਅਤੇ ਅਨੰਦ ਜੋ ਵਰਣਨ ਤੋਂ ਬਾਹਰ ਅਤੇ ਮਹਿਮਾ ਨਾਲ ਭਰਿਆ ਹੋਇਆ ਹੈ, ਹਰੇਕ ਹਿਰਦਾ ਆਤਮਾ ਨਾਲ ਭਰਿਆ ਹੋਇਆ ਹੈ, ਇੱਕਠੇ ਚਲ ਰਹੇ ਹਨ, ਸਵਰਗੀ ਥਾਂਵਾਂ ਵਿੱਚ ਇੱਕਠੇ ਬੈਠੇ ਹੋਏ ਹਨ, ਸਾਡੇ ਵਿਚਕਾਰ ਇੱਕ ਵੀ ਬੁਰਾ ਵਿਚਾਰ ਨਹੀਂ, ਇੱਕ ਵੀ ਸਿਗਰਟ ਨਹੀਂ ਫੂਕੀ ਗਈ, ਇੱਕ ਵੀ ਛੋਟਾ ਲਿਬਾਸ ਨਹੀਂ, ਇੱਕ ਵੀ *ਇਹ*, *ਉਹ* ਜਾਂ ਕੁਝ *ਹੋਰ* ਨਹੀਂ, ਇੱਕ ਵੀ ਬੁਰਾ ਵਿਚਾਰ ਨਹੀਂ, ਕਿਸੇ ਕੋਲ ਵੀ ਦੂਸਰੇ ਦੇ ਵਿਰੋਧ ਵਿੱਚ ਕੁਝ ਵੀ ਨਹੀਂ ਹੈ, ਹਰ ਕੋਈ ਪ੍ਰੇਮ ਅਤੇ ਸਦਭਾਵਨਾ ਨਾਲ ਬੋਲ ਰਿਹਾ ਹੈ, ਹਰੇਕ ਇੱਕੋ ਥਾਂ ਤੇ ਇੱਕ ਮਨ ਹੈ, “ਤੱਦ ਅਚਾਨਕ ਅਕਾਸ਼ ਤੋਂ ਇੱਕ ਗੂੰਜ ਆਈ ਜਿਹੀ ਵੱਡੀ ਭਾਰੀ ਅਨ੍ਹੇਰੀ ਦੇ ਵਗਣ ਦੀ ਹੁੰਦੀ ਹੈ”। ਇਥੇ ਹੋ ਤੁਸੀਂ, “ਸਾਨੂੰ ਸਭ ਪਰਕਾਰ ਦੀਆਂ ਆਤਮਿਕ ਬਰਕਤਾਂ ਨਾਲ ਬਰਕਤ ਦਿੱਤੀ ਹੈ”।

95 ਤੱਦ ਹੋ ਸਕਦਾ ਹੈ ਕਿ ਪਵਿੱਤਰ ਆਤਮਾ ਕਿਸੇ ਤੇ ਆਵੇ, ਅਤੇ ਆਖੇ, “**ਯਹੋਵਾਹ ਇਉਂ ਫ਼ਰਮਾਉਂਦਾ ਹੈ**। ਇੱਕ ਫਲਾਣੀ ਫਲਾਣੀ ਥਾਂ ਤੇ ਜਾ ਕੇ ਫਲਾਣਾ ਫਲਾਣਾ ਕੰਮ ਕਰੋ”।*ਇਸ* ਨੂੰ ਇਸੇ ਤਰਾਂ ਹੁੰਦੀਆਂ ਹੋਈਆਂ ਵੇਖੋ। [ਭਾਈ ਬ੍ਰਾਨਹਾਮ ਚੁਟਕੀ ਵਜਾਉਂਦੇ ਹਨ—ਸੰਪਾਦਕ] ਵੇਖਿਆ? “**ਯਹੋਵਾਹ ਇੰਝ ਫ਼ਰਮਾਉਂਦਾ ਹੈ**। ਇੱਕ ਫਲਾਣੀ ਫਲਾਣੀ ਥਾਂ ਤੇ ਜਾ ਕੇ ਫਲਾਣਾ ਫਲਾਣਾ ਕੰਮ ਕਰੋ”।*ਇਸ* ਨੂੰ ਇਸੇ ਤਰਾਂ ਹੁੰਦੀਆਂ ਹੋਈਆਂ ਵੇਖੋ।[ਭਾਈ ਬ੍ਰਾਨਹਾਮ ਚੁਟਕੀ ਵਜਾਉਂਦੇ ਹਨ।]

96 “ਸਵਰਗੀ ਥਾਂਵਾਂ ਵਿੱਚ ਸਭ ਪਰਕਾਰ ਦੀਆਂ ਆਤਮਕ ਬਰਕਤਾਂ ਨਾਲ ਸਾਨੂੰ ਬਰਕਤ ਦਿੱਤੀ” । ਵੇਖੋ!

> *ਜਿਵੇਂ ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ ਚੁਣ ਲਿਆ...*

97 ਕੀ ਅਸੀਂ ਉਸ ਨੂੰ ਚੁਣਿਆ ਜਾਂ ਉਸ ਨੇ ਸਾਨੂੰ ਚੁਣਿਆ? ਉਸ ਨੇ ਸਾਨੂੰ ਚੁਣਿਆ । ਕਦੋਂ? ਕੀ ਉਸ ਰਾਤ ਜੱਦ ਅਸੀਂ ਉਸ ਨੂੰ ਸਵੀਕਾਰ ਕੀਤਾ? ਚੁਣ ਲਿਆ!

> *ਜਿਵੇਂ ਉਹਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ ਚੁਣ ਲਿਆ ਭਈ ਅਸੀਂ ਉਹਦੇ ਸਨਮੁਖ...*(ਜਥੇਬੰਦੀਆਂ ਵਿੱਚ?) *ਪ੍ਰੇਮ ਵਿੱਚ ਪਵਿੱਤਰ ਅਤੇ ਨਿਰਮਲ ਹੋਈਏ:*

98 ਪਰਮੇਸ਼ੁਰ ਨੇ ਸਾਨੂੰ ਕਦੋਂ ਚੁਣਿਆ? ਤੁਸਾਂ ਜਿਹਨਾਂ ਨੇ ਪਵਿੱਤਰ ਆਤਮਾ ਪਾਇਆ ਪਰਮੇਸ਼ੁਰ ਨੇ ਤੁਹਾਨੂੰ ਕਦੋਂ ਚੁਣਿਆ? ਉਸ ਨੇ ਤੁਹਾਨੂੰ ਕਦੋਂ ਚੁਣਿਆ? ਜਗਤ ਦੀ ਨੀਂਹ ਧਰਨ ਤੋਂ ਪਹਿਲਾਂ । ਆਪਣੇ ਪੂਰਵ ਗਿਆਨ ਦੁਆਰਾ, ਉਸ ਨੇ ਤੁਹਾਨੂੰ ਪਹਿਲਾਂ ਹੀ ਵੇਖ ਲਿਆ ਅਤੇ ਜਾਣਦਾ ਸੀ ਕਿ ਤੁਸੀਂ ਉਸ ਨੂੰ ਪ੍ਰੇਮ ਕਰੋਗੇ । ਅਤੇ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ, ਉਸ ਨੇ ਤੁਹਾਨੂੰ ਚੁਣ ਲਿਆ, ਅਤੇ ਯਿਸੂ ਨੂੰ ਭੇਜਿਆ ਤਾਂ ਜੋ ਉਹ ਤੁਹਾਡੇ ਪਾਪਾਂ ਦੇ ਲਈ ਪ੍ਰਾਸਚਿਤ ਹੋਵੇ, ਤਾਂ ਜੋ ਤੁਹਾਡੇ ਨਾਲ ਪ੍ਰੇਮ ਕਰਨ ਲਈ, ਤੁਹਾਡਾ ਆਪਣੇ ਨਾਲ ਮਿਲਾਪ ਕਰੇ । ਔਹ, ਕਾਸ਼ ਸਾਡੇ ਕੋਲ ਕੁਝ ਹੋਰ ਸਮਾਂ ਹੁੰਦਾ ।

99 ਇਸ ਤੋਂ ਪਹਿਲਾਂ ਕਿ ਅਸੀਂ ਹੋਰ ਅਗੇ ਜਾਈਏ, ਮੈਨੂੰ ਜਰਾ ਪਿਛੇ ਜਾ ਲੈਣ ਦਿਓ, ਉੱਤਪਤ 1:26. ਮੈਂ ਇਸ ਨੂੰ ਬੁੱਧਵਾਰ ਲਵਾਂਗਾ । ਜਦ ਪਰਮੇਸ਼ੁਰ ਨੇ ਮਨੁੱਖ ਨੂੰ ਬਣਾਇਆ...ਇਸ ਤੋਂ ਪਹਿਲਾਂ ਕਿ ਉਸਨੇ ਮਨੁੱਖ ਨੂੰ ਬਣਾਇਆ, ਉਸ ਨੇ ਆਪਣੇ ਆਪ ਨੂੰ “ਏਲ,” ਏ-ਲ, ਏਲ, ਏ-ਲ-ਹ, “ਇਲਹ,” “ਇਲੋਹੀਮ” ਕਿਹਾ । ਇਬਰਾਨੀ ਵਿੱਚ ਇਸ ਸਬਦ ਦਾ ਅਰਥ ਹੈ, “ਆਪਣੀ ਹੋਂਦ ਆਪ ਹੀ ਰੱਖਣ ਵਾਲਾ,” ਆਪਣੇ ਆਪ ਵਿੱਚ ਸਭ ਕੁਝ । ਉਸ ਤੋਂ ਪਹਿਲਾਂ ਕੁਝ ਵੀ ਨਹੀਂ ਸੀ, ਜੇ ਕੁਝ ਹੋਂਦ ਵਿੱਚ ਸੀ ਤਾਂ ਉਹ ਆਪ ਹੀ ਸਭ ਕੁਝ ਸੀ, ਆਪਣੀ ਹੋਂਦ ਆਪ ਰੱਖਣ ਵਾਲਾ! ਏਲ, ਏਲਹ, ਇਲੋਹੀਮ, ਦਾ ਅਰਥ ਹੈ “ਸਵੈ-ਭਰਪੂਰ, ਸਰਬ-ਸ਼ਕਤੀਮਾਨ, ਆਪਣੀ ਹੋਂਦ ਆਪ ਰੱਖਣ ਵਾਲਾ” । ਔਹ!

100 ਪਰ ਉਤਪਤ 2 ਵਿੱਚ, ਜਦ ਉਸ ਨੇ ਮਨੁੱਖ ਨੂੰ ਬਣਾਇਆ, ਉਸ ਨੇ ਕਿਹਾ, “ਮੈਂ ਹਾਂ,” ਯ-ਆ-ਹੂ, J-u-v-u-h, *ਯਾਹਵੇ*, “ਯਹੋਵਾਹ” । ਇਸ ਦਾ ਕੀ ਅਰਥ ਸੀ? “ਮੈਂ ਹੀ ਸਾਰੀ ਹੋਂਦ ਰਖਣ ਵਾਲਾ ਹਾਂ ਜਿਸ ਨੇ ਆਪਣੇ ਆਪ ਤੋਂ ਕੁਝ ਸ੍ਰਿਸ਼ਟੀ ਕੀਤੀ ਹੈ, ਆਪਣਾ ਪੁੱਤ੍ਰ ਹੋਣ ਲਈ, ਜਾਂ ਇੱਕ ਅਸਥਾਈ, ਜਾਂ ਇੱਕ

ਛੋਟਾ, ਮੇਰਾ ਇਕ ਛੋਟਾ ਰੂਪ" । ਮਹਿਮਾ ਹੋਵੇ! ਕਿਉਂ? ਉਸ ਨੇ ਦਿੱਤਾ... ਯਹੋਵਾਹ ਦਾ ਅਰਥ ਹੈ ਕਿ ਉਸ ਨੇ ਮਨੁੱਖ ਨੂੰ ਇਹ ਦਿੱਤਾ ਕਿ ਉਹ ਇੱਕ ਛੋਟਾ ਪਰਮੇਸ਼ੁਰ ਬਣੇ । ਕਿਉਂਕਿ ਉਹ ਪਿਤਾ ਪਰਮੇਸ਼ੁਰ ਹੈ, ਅਤੇ ਉਸ ਨੇ ਮਨੁੱਖ ਨੂੰ ਇੱਕ ਛੋਟਾ ਪਰਮੇਸ਼ੁਰ ਬਣਾਇਆ, ਇਸ ਲਈ ਹੁਣ ਉਹ ਇਕੱਲਾ ਨਹੀਂ ਹੈ ਜੋ ਹੋਂਦ ਰਖਦਾ ਹੈ, ਉਹ ਆਪਣੇ ਪਰਿਵਾਰ ਨਾਲ ਹੋਂਦ ਰਖਦਾ ਹੈ । ਇਲਾਹ, ਇਲਾਹ, ਇਲੋਹੀਮ । ਹੁਣ, ਹੁਣ ਉਹ ਯਹੋਵਾਹ ਹੈ ।*ਯਹੋਵਾਹ,* ਜਿਸਦਾ ਅਰਥ ਹੈ, "ਆਪਣੇ ਪਰਿਵਾਰ ਨਾਲ ਹੋਂਦ ਰਖਣ ਵਾਲਾ" । ਹੁਣ, ਪਰਮੇਸ਼ੁਰ ਨੇ ਮਨੁੱਖ ਦੀ ਰਚਨਾ ਕੀਤੀ ਤਾਂ ਜੋ ਉਹ ਸਾਰੀ ਧਰਤੀ ਉੱਪਰ ਰਾਜ ਕਰੇ, ਉਸ ਕੋਲ ਅਧਿਕਾਰ ਸੀ । ਅਤੇ ਧਰਤੀ ਮਨੁੱਖ ਦੇ ਅਧਿਕਾਰ ਹੇਠ ਸੀ । ਕੀ ਇਹ ਵਚਨ ਹੈ? ਜੇ ਇਸ ਤੇ ਉਸਦਾ ਅਧਿਕਾਰ ਸੀ, ਤਾਂ ਉਹ ਧਰਤੀ ਦਾ ਪਰਮੇਸ਼ੁਰ ਸੀ । ਉਹ ਬੋਲ ਸਕਦਾ ਸੀ ਅਤੇ ਇਹ ਉਸੇ ਤਰਾਂ ਹੋ ਜਾਂਦਾ ਸੀ । ਉਹ *ਇਸ* ਨੂੰ ਬੋਲ ਸਕਦਾ ਸੀ, ਅਤੇ *ਇਹ* ਹੋ ਜਾਂਦਾ ਸੀ । ਔਹ! ਇਥੇ ਉਹ ਹੈ, ਪਰਮੇਸ਼ੁਰ, ਯਹੋਵਾਹ, ਉਹ ਜੋ ਕਦੇ ਆਪਣੀ ਆਪਣੇ ਆਪ ਵਿੱਚ ਇੱਕਲਾ ਹੀ ਹੋਂਦ ਰਖਦਾ ਸੀ, ਪਰ ਹੁਣ ਉਹ ਆਪਣੇ ਪਰਿਵਾਰ ਨਾਲ ਹੋਂਦ ਵਿੱਚ ਹੈ, ਅਤੇ ਉਸ ਦੇ ਛੋਟੇ ਬਚੇ ਉਸਦੇ ਨਾਲ ਹਨ । ਇਥੇ ਹੋ ਤੁਸੀਂ।

101 ਹੁਣ, ਇਸ ਨੂੰ ਪੜ੍ਹੋ । ਖੈਰ ਅਸੀਂ ਬੁੱਧਵਾਰ ਰਾਤ ਨੂੰ ਇਸ ਵਿੱਚ ਜਾਵਾਂਗੇ, ਜੱਦੋ ਸਾਡੇ ਕੋਲ ਹੋਰ ਸਮਾਂ ਹੋਵੇਗਾ । ਅਸੀਂ ਬੱਸ ਪੰਦਰਾਂ ਮਿੰਟ ਪਿਛੇ ਚਲ ਰਹੇ ਹਾਂ ਅਤੇ ਅੱਛਾ...ਮੈਂ ਸੋਚਿਆ ਸੀ ਕਿ ਮੈਂ ਇਸ ਵੇਲੇ ਇੱਕ ਨਿਸ਼ਚਿਤ ਸਥਾਨ ਤੇ ਹੋਵਾਂਗਾ, ਪਰ ਅਸੀਂ ਨਹੀਂ ਹਾਂ, ਜਿਥੇ ਅਸੀਂ ਪਵਿੱਤਰ ਆਤਮਾ ਦੇ ਵਾਅਦੇ ਨਾਲ ਮੋਹਰ ਬੰਦ ਹੋਏ ਹਾਂ । ਸਭ ਠੀਕ ਹੈ।

102 ਹੁਣ, ਸਾਨੂੰ ਕਦੋਂ ਪਰਮੇਸ਼ੁਰ ਦੇ ਸੇਵਕ ਹੋਣ ਦੇ ਲਈ ਬੁਲਾਇਆ ਗਿਆ ਸੀ? ਔਰਮਨ ਨੇਵਿਲ ਨੂੰ ਪਰਮੇਸ਼ੁਰ ਦਾ ਇੱਕ ਸੇਵਕ ਹੋਣ ਲਈ ਕਦੋਂ ਬੁਲਾਇਆ ਗਿਆ ਸੀ? ਔਹ, ਮੇਰੇ! ਇਹ ਮੈਨੂੰ ਹੈਰਾਨ ਕਰ ਦਿੰਦਾ ਹੈ । ਮੈਂ ਤੁਹਾਨੂੰ ਦੱਸਾਂਗਾ, ਆਓ ਕੁਝ ਲਿਖਤਾਂ ਨੂੰ ਲੈਂਦੇ ਹਾਂ । ਮੈਂ ਚਾਹੁੰਦਾ ਹਾਂ ਕਿ ਤੁਸੀਂ ਪਹਿਲਾ ਪਤਰਸ 1:20 ਵਿੱਚ ਜਾਓ । ਅਤੇ, ਪੈਟ, ਪ੍ਰਕਾਸ਼ ਦੀ ਪੋਥੀ 17:8 ਖੋਲ ਲਵੋ । ਅਤੇ ਮੈਂ ਪ੍ਰਕਾਸ਼ ਦੀ ਪੋਥੀ 13 ਨੂੰ ਲੈਂਦਾ ਹਾਂ । ਹੁਣ ਇਸ ਜਗਾ ਤੇ ਅਸੀਂ ਸੁਣਨਾ ਚਾਹੁੰਦੇ ਹਾਂ, ਤੁਸੀਂ ਜਾਨਣਾ ਚਾਹੁੰਦੇ ਹੋ ਕਿ ਪਰਮੇਸ਼ੁਰ ਨੇ ਤੁਹਾਨੂੰ ਇੱਕ ਮਸੀਹ ਹੋਣ ਦੇ ਲਈ ਕਦੋਂ ਬੁਲਾਇਆ । ਔਹ, ਮੈਂ ਇਸ ਨੂੰ ਪ੍ਰੇਮ ਕਰਦਾ ਹਾਂ । ਇਸ ਨੂੰ ਕਿ, "ਮਨੁੱਖ ਕੇਵਲ ਰੋਟੀ ਨਾਲ ਹੀ ਜਿਉਂਦਾ ਨਹੀਂ ਰਹੇਗਾ, ਪਰ ਹਰੇਕ ਉਸ ਵਚਨ ਤੋਂ ਜਿਹੜਾ ਪਰਮੇਸ਼ੁਰ ਦੇ ਮੂੰਹ ਵਿਚੋਂ ਨਿਕਲਦਾ ਹੈ" । ਸਭ ਠੀਕ ਹੈ, ਭਾਈ ਨੇਵਿਲ, ਤੁਹਾਨੂੰ ਪਹਿਲਾ ਪਤਰਸ 1:20 ਮਿਲ ਗਈ ਹੈ । [ਭਾਈ ਨੇਵਿਲ ਆਖਦੇ ਹਨ, "1:20" ।—ਸੰਪਾਦਕ ।] ਅੱਛਾ, 1:19 ਅਤੇ 1:20

ਪੜੋ । ਇਸ ਨੂੰ ਸੁਣੋ । [“1:19 ਅਤੇ 1:20”] ਹਾਂ । [ਭਾਈ ਨੇਵਿਲ ਪਹਿਲਾ ਪਤਰਸ 1:19-20 ਪੜ੍ਹਦੇ ਹਨ ।]

*ਸਗੋਂ ਮਸੀਹ ਦੇ ਅਮੋਲਕ ਲਹੂ ਨਾਲ ਪਾਇਆ ਜਿਹੜਾ ਨਿਹਕਲੰਕ ਅਤੇ ਬੇਦਾਗ ਲੇਲੇ ਦੀ ਨਿਆਈਂ ਸੀ :*

*ਉਹ ਤਾਂ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਥਾਪਿਆ ਗਿਆ ਸੀ ਪਰ ਸਮਿਆਂ ਦੇ ਅੰਤ ਵਿੱਚ ਤੁਹਾਡੇ ਲਈ ਪਰਗਟ ਹੋਇਆ।*

103 ਉਸ ਨੂੰ ਕਦੋਂ ਥਾਪਿਆ ਗਿਆ ਸੀ? ਜਗਤ ਦੀ ਨੀਂਹ ਧਰਨ ਤੋਂ ਪਹਿਲਾਂ । ਭਾਈ ਪੈਟ, ਮੇਰੇ ਲਈ ਪ੍ਰਕਾਸ਼ ਦੀ ਪੋਥੀ 17:8 ਪੜ੍ਹੋ । [ਭਾਈ ਪੈਟ ਪ੍ਰਕਾਸ਼ ਦੀ ਪੋਥੀ 17:8 ਪੜ੍ਹਦੇ ਹਨ—ਸੰਪਾਦਕ]:

*ਉਹ ਦਰਿੰਦਾ ਜਿਹੜਾ ਤੈਂ ਵੇਖਿਆ ਸੋ ਹੈਸੀ ਅਤੇ ਨਹੀਂ ਹੈਗਾ ਅਤੇ ਉਹਨੇ ਅਥਾਹ ਕੁੰਡ ਵਿੱਚੋਂ ਚੜ੍ਹ ਆਉਣਾ ਅਤੇ ਨਸ਼ਟ ਹੋ ਜਾਣਾ ਹੈ, ਅਤੇ ਧਰਤੀ ਦੇ ਵਾਸੀ ਜਿਨ੍ਹਾਂ ਦਾ ਨਾਉਂ ਜਗਤ ਦੇ ਮੁੱਢੋਂ ਜੀਵਨ ਦੀ ਪੋਥੀ ਵਿੱਚ ਨਹੀਂ ਲਿਖਿਆ ਗਿਆ ਓਸ ਦਰਿੰਦੇ ਨੂੰ ਵੇਖਕੇ ਭਈ ਉਹ ਹੈਸੀ ਅਤੇ ਨਹੀਂ ਹੈਗਾ ਅਤੇ ਫੇਰ ਆਉਂਦਾਹੈ ਅਚਰਜ ਹੋ ਜਾਣਗੇ।*

104 ਕੌਣ ਭਰਮਾਇਆ ਜਾਵੇਗਾ? ਇਸ ਧਾਰਮਿਕ ਆਦਮੀ ਰਾਹੀਂ ਜਿਵੇਂ ਕਿ ਸਾਉਲ ਸੀ, ਕੌਣ ਭਰਮਾਇਆ ਜਾਵੇਗਾ? ਜਿਹੜਾ ਬਹੁਤ ਹੀ ਜਿਆਦਾ ਚਲਾਕ ਅਤੇ ਐਨਾ ਸਿਧ ਹੋਵੇਗਾ ਕਿ ਜਿਹੜਾ ਕਿਸੇ ਨੂੰ ਭਰਮਾ ਲਵੇਗਾ? ਚੁਣਿਆਂ… ਸਭਾ ਆਖਦੀ ਹੈ, “ਚੁਣਿਆਂ ਹੋਇਆਂ ਨੂੰ”] ਜੇ…[“ਹੋ ਸਕੇ ਤਾਂ”] ਜੇ ਹੋ ਸਕਦਾ ਤਾਂ । ਸਭ ਠੀਕ ਹੈ, ਪ੍ਰਕਾਸ਼ ਦੀ ਪੋਥੀ 13:8, ਮੈਨੂੰ ਇਸ ਨੂੰ ਤੁਹਾਡੇ ਲਈ ਪੜ੍ਹਨ ਦਿਓ ।

*ਅਤੇ ਧਰਤੀ ਦੇ…ਵਾਸੀ ਸੱਭੇ ਉਹਨੂੰ ਮੱਥਾ ਟੇਕਣਗੇ ਅਰਥਾਤ ਹਰੇਕ ਜਿਹਦਾ ਨਾਉਂ ਓਸ ਲੇਲੇ ਦੀ ਜਿਹੜਾ ਕੋਹਿਆ ਗਿਆ ਸੀ ਜੀਵਨ ਦੀ ਪੋਥੀ ਵਿੱਚ ਜਗਤ ਦੇ ਮੁੱਢੋਂ ਹੀ ਨਹੀਂ ਲਿਖਿਆ ਗਿਆ ।*

105 ਸਾਡੇ ਨਾਮ ਲੇਲੇ ਦੀ ਜੀਵਨ ਦੀ ਪੋਥੀ ਵਿੱਚ ਕਦੋਂ ਰੱਖੇ ਗਏ ਸਨ? ਜਦੋਂ ਲੇਲੇ ਨੂੰ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਕੋਹਿਆ ਗਿਆ ਸੀ । ਜਦੋਂ ਪਰਮੇਸ਼ੁਰ ਯਹੋਵਾਹ, ਏਲ, ਏਲਾਹ, ਇਲੋਹੀਮ, ਆਪਣੇ ਆਪ ਦੀ ਹੋਂਦ ਰੱਖਣ ਵਾਲਾ ਸੀ । ਬੱਸ ਇੱਕ ਵੱਡੇ ਹੀਰੇ ਦੇ ਵਾਂਗ, ਅਤੇ ਉਹ ਹੋਰ ਕੁਝ ਨਹੀਂ ਬਣ ਸਕਦਾ, ਪਰ ਇਸ ਹੀਰੇ ਦੇ ਅੰਦਰ ਉਸਦਾ ਮੁਕਤੀਦਾਤਾ ਹੋਣ ਦਾ ਗੁਣ ਸੀ । ਉਸ ਦੇ ਗੁਣਾਂ ਦੇ ਅੰਦਰ, ਉਸ ਦੇ ਅੰਦਰ, ਇੱਕ ਚੰਗਾ ਕਰਨ ਵਾਲਾ ਸੀ । ਅੱਛਾ, ਉਥੇ ਬਚਾਉਣ ਅਤੇ ਚੰਗਾ ਕਰਨ ਦੇ ਲਈ ਕੁਝ ਵੀ ਨਹੀਂ ਸੀ, ਪਰ ਉਸ ਦੇ ਗੁਣਾਂ ਨੇ ਇਸ ਨੂੰ ਉਤਪੰਨ ਕੀਤਾ । ਇਸ ਲਈ, ਤੱਦ ਜਗਤ ਦੀ ਨੀਂਹ ਧਰਨ

ਤੋਂ ਪਹਿਲਾਂ ਹੀ, ਉਹ ਜਾਣਦਾ ਸੀ, ਕਿ ਉਸ ਦੇ ਅੰਦਰ ਜੋ ਸੀ ਉਸ ਦਾ ਮਹਾਨ ਪ੍ਰਗਟ ਹੋਣਾ ਕਿ ਉਹ ਇੱਕ ਮੁਕਤੀ ਦਾਤਾ ਹੋਵੇਗਾ, ਇਹ ਕਿ ਉਹ ਦੇਹ ਧਾਰੇਗਾ ਅਤੇ ਸਾਡੇ ਵਿਚਕਾਰ ਵਾਸ ਕਰੇਗਾ, ਅਤੇ ਉਹ ਜਾਣਦਾ ਸੀ ਕਿ ਉਸਦੇ ਮਾਰ ਖਾਣ ਤੋਂ ਅਸੀਂ ਚੰਗੇ ਕੀਤੇ ਜਾਵਾਂਗੇ, ਉਸ ਨੇ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਲੇਲੇ ਨੂੰ ਆਪਣੀ ਪੋਥੀ ਵਿੱਚ ਕੋਹਿਆ, ਅਤੇ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਤੁਹਾਡੇ ਨਾਮ ਉਸ ਪੋਥੀ ਵਿੱਚ ਲਿਖੇ। ਔਹ!

106 ਇਸ ਨੂੰ ਸੁਣੋ! ਪਹਿਲਾਂ ਤੋਂ ਠਹਿਰਾਇਆ ਜਾਣਾ ਪੂਰਵ ਗਿਆਨ ਵਲ ਵੇਖਦਾ ਹੈ, ਮੇਰਾ ਮਤਲਬ ਚੁਣੇ ਜਾਣ ਵਲ। ਚੁਣਿਆ ਜਾਣਾ ਪੂਰਵ ਗਿਆਨ ਵਲ ਵੇਖਦਾ ਹੈ, ਅਤੇ ਪਹਿਲਾਂ ਤੋਂ ਠਹਿਰਾਇਆ ਜਾਣਾ ਮੰਜ਼ਿਲ ਵਲ ਵੇਖਦਾ ਹੈ। ਇਸ ਨੂੰ ਨਾ ਭੁਲਣਾ, ਕਿ ਚੋਣ ਪਿਛਾਂਹ ਇਸ ਜਗਾ ਤੇ ਵੇਖਦੀ ਹੈ, ਇਹ ਇਥੇ ਹੈ, "ਮੈਂ ਇੱਕ ਕੰਡਿਆਲੀ ਝਾੜੀ ਸੀ। ਮੈਂ ਪਾਪ ਵਿੱਚ ਜੰਮਿਆ, ਕੁਧਰਮ ਵਿੱਚ ਪਲਿਆ, ਝੂਠ ਬੋਲਦਾ ਹੋਇਆ ਸੰਸਾਰ ਵਿੱਚ ਆਇਆ, ਪਾਪੀਆਂ ਵਿਚਕਾਰ ਜੰਮਿਆ। ਪਿਤਾ ਅਤੇ ਮਾਂ ਅਤੇ ਮੇਰਾ ਸਾਰਾ ਟੱਬਰ, ਪਾਪੀ ਸੀ। ਮੈਂ ਇੱਕ ਕੰਡਿਆਲੀ ਝਾੜੀ ਸੀ। ਪਰ, ਅਚਾਨਕ, ਮੈਂ ਇੱਕ ਕਣਕ ਦਾ ਦਾਣਾ ਬਣ ਗਿਆ। ਇਹ ਕਿਵੇਂ ਹੋਇਆ?" ਇਹ, ਇਹ ਕੀ ਹੈ? ਚੋਣ। ਪਰਮੇਸ਼ੁਰ ਨੇ, ਜਗਤ ਦੀ ਨੀਂਹ ਧਰਨ ਤੋਂ ਪਹਿਲਾਂ, ਇਹ ਚੁਣਿਆ ਕਿ ਜੰਗਲੀ ਬੂਟੀ ਇੱਕ ਕਣਕ ਦਾ ਦਾਣਾ ਬਣੇਗੀ। "ਹੁਣ ਮੈਂ ਜਾਣਦਾ ਹਾਂ ਕਿ ਮੈਂ ਇੱਕ ਕਣਕ ਦਾ ਦਾਣਾ ਹਾਂ, ਕਿਉਂਕਿ ਮੈਂ ਬਚਾਇਆ ਗਿਆ ਹਾਂ। ਮੈਂ ਇਹ ਕਿਵੇਂ ਕੀਤਾ?" ਪਿਛਾਂਹ ਨਿਗਾਹ ਮਾਰਦਾ ਹਾਂ ਅਤੇ ਵੇਖਦਾ ਹਾਂ ਕਿ ਉਸਨੇ ਬਹੁਤ ਚਿਰ ਪਹਿਲਾਂ, ਇਹ ਪਹਿਲਾਂ ਤੋਂ ਠਹਿਰਾਇਆ ਸੀ। ਪੂਰਵ ਗਿਆਨ ਨਾਲ ਉਸ ਨੇ ਵੇਖ ਲਿਆ ਕਿ ਮੈਂ ਉਸ ਨੂੰ ਪ੍ਰੇਮ ਕਰਾਂਗਾ, ਇਸ ਲਈ ਉਸ ਨੇ ਆਪਣੇ ਹੀ ਪੁੱਤ੍ਰ ਨੂੰ ਪ੍ਰਾਸਚਿਤ ਬਣਾਇਆ, ਤਾਂ ਜੋ ਉਸ ਦੇ ਦੁਆਰਾ ਮੈਂ ਇੱਕ ਜੰਗਲੀ ਬੂਟੀ ਤੋਂ ਇਕ ਕਣਕ ਦਾ ਦਾਣਾ ਬਣ ਸਕਾਂ। "ਹੁਣ, ਮੈਂ ਕਿਥੇ ਹਾਂ?" ਮੈਂ ਬਚਾਇਆ ਗਿਆ ਹਾਂ, ਮੈਂ ਪਰਮੇਸ਼ੁਰ ਦੀ ਕਿਰਪਾ ਵਿੱਚ ਤੁਰ ਰਿਹਾ ਹਾਂ। "ਪਹਿਲਾਂ ਤੋਂ ਠਹਿਰਾਇਆ ਜਾਣਾ ਕੀ ਵੇਖਦਾ ਹੈ?" ਮੰਜ਼ਿਲ ਨੂੰ। "ਉਹ ਮੈਨੂੰ ਕਿਥੇ ਲੈ ਕੇ ਜਾਵੇਗਾ, ਅਤੇ ਮੈਂ ਕਿਥੇ ਜਾ ਰਿਹਾ ਹਾਂ?" ਆਮੀਨ। ਇਸ ਨੇ ਤੁਹਾਨੂੰ ਪਕੜ ਲਿਆ ਹੈ। ਇਥੇ ਹੋ ਤੁਸੀਂ।

107 ਹੁਣ ਆਓ ਥੋੜਾ ਜਿਹਾ ਅਗੇ ਪੜ੍ਹੀਏ, ਅਤੇ ਫਿਰ ਸਾਨੂੰ ਛੇਤੀ ਹੀ ਬੰਦ ਕਰਨਾ ਹੋਵੇਗਾ।

*ਜਿਵੇਂ ਉਹਨੇ...ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ ਚੁਣ ਲਿਆ ਭਈ ਅਸੀਂ ਉਹ...ਦੇ ਸਨਮੁਖ ਪ੍ਰੇਮ ਵਿੱਚ*

*ਪਵਿੱਤਰ ਅਤੇ ਨਿਰਮਲ ਹੋਈਏ:*

*ਉਹਨੇ ਜੋ ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ ਯਿਸੂ ਮਸੀਹ ਦੇ ਰਾਹੀਂ ਆਪਣੇ ਲਈ ਸਾਨੂੰ ਲੇਪਾਲਕ ਪੁੱਤ੍ਰ ਹੋਣ ਨੂੰ ਅੱਗੋ ਹੀ ਠਹਿਰਾਇਆ,*

108 ਉਸ ਨੇ ਕੀ ਕੀਤਾ? ਉਸ ਨੇ, ਪੂਰਵ ਗਿਆਨ ਦੁਆਰਾ, ਸਾਨੂੰ ਅਗੇਤਾ ਹੀ ਵੇਖ ਲਿਆ, ਇਹ ਜਾਣਦੇ ਹੋਏ ਕਿ ਉਹ ਸਾਡਾ ਮੁਕਤੀਦਾਤਾ ਸੀ, ਆਪਣੀ ਹੋਂਦ ਆਪ ਰੱਖਣ ਵਾਲਾ । ਉਸ ਜਗਾ ਤੇ ਕੋਈ ਦੂਤ ਨਹੀਂ ਸਨ, ਕੁਝ ਵੀ ਨਹੀਂ ਸੀ; ਕੇਵਲ ਪਰਮੇਸ਼ੁਰ, ਇਲਹ, ਇਲੋਹੀਮ, ਆਪਣੀ ਹੋਂਦ ਆਪ ਰੱਖਣ ਵਾਲਾ, ਇੱਕਲਾ ਉਹੀ ਪਰ ਹੋਰ ਕੁਝ ਵੀ ਨਹੀਂ ਸੀ । ਪਰ ਉਸ ਦੇ ਅੰਦਰ ਇੱਕ ਮੁਕਤੀਦਾਤਾ ਸੀ । ਅੱਛਾ, ਉਹ ਕੀ ਬਚਾਉਣ ਵਾਲਾ ਸੀ, ਉਥੇ ਤਾਂ ਕੁਝ ਵੀ ਨਾਸ਼ ਨਹੀਂ ਹੋਇਆ ਸੀ? ਇਹ ਜਾਣਦੇ ਹੋਏ, ਤੱਦ ਉਸ ਨੇ ਇਹ ਜਾਣਿਆ ਕਿ ਉਸਦੇ ਅੰਦਰਲਾ ਇਹ ਮਹਾਨ ਗੁਣ ਉਸ ਜਗਾ ਤੇ ਕੁਝ ਪ੍ਰਗਟ ਕਰੇਗਾ ਜਿਸ ਨੂੰ ਉਹ ਬਚਾ ਸਕੇਗਾ । ਜਦ ਉਸ ਨੇ ਇਹ ਕੀਤਾ, ਤਾਂ ਪੂਰਵ ਗਿਆਨ ਦੁਆਰਾ ਉਸ ਨੇ ਹੇਠਾਂ ਨਿਗਾਹ ਕੀਤੀ ਅਤੇ ਉਸ ਹਰੇਕ ਨੂੰ ਵੇਖਿਆ ਜਿਹੜਾ ਇਸ ਨੂੰ ਸਵੀਕਾਰ ਕਰੇਗਾ । ਅਤੇ ਇਹ ਕਰਨ ਦੁਆਰਾ, ਉਸ ਨੇ ਕਿਹਾ, “ਇਸ ਨੂੰ ਬਚਾਉਣ ਲਈ, ਇੱਕ ਹੀ ਤਰੀਕਾ ਹੈ ਜਿਸ ਨਾਲ ਮੈਂ ਇਹ ਕਰ ਸਕਦਾ ਹਾਂ, ਕਿ ਮੈਂ ਆਪ ਹੇਠਾਂ ਜਾਵਾਂ ਅਤੇ ਦੇਹ ਧਾਰਾਂ ਅਤੇ ਮਨੁੱਖ ਦਾ ਪਾਪ ਆਪਣੇ ਉੱਤੇ ਲਵਾਂ ਅਤੇ ਉਸ ਦੇ ਲਈ ਮਰ ਜਾਵਾਂਗਾ, ਤਾਂ ਜੋ ਮੈਂ ਉਹ ਹੋਵਾਂ ਜਿਸ ਦੀ ਉਪਾਸਨਾ ਕੀਤੀ ਜਾ ਸਕੇ,” ਕਿਉਂਕਿ ਉਹ ਪਰਮੇਸ਼ੁਰ ਹੈ, ਉਪਾਸ਼ਨਾ ਕਰਨ ਦੀ ਵਸਤੂ ।

109 ਤਦ ਉਹ ਹੇਠਾਂ ਆ ਗਿਆ ਤੇ ਇਸ ਨੂੰ ਆਪਣੇ ਉੱਤੇ ਲੈ ਲਿਆ । ਅਤੇ ਜਦ ਉਸ ਨੇ ਇਹ ਕੀਤਾ, ਤਾਂ ਉਸ ਨੇ ਇਹ ਇਸ ਲਈ ਕੀਤਾ ਕਿ ਉਹ ਤੁਹਾਨੂੰ ਬਚਾ ਸਕੇ ਜਿਹੜੇ ਬਚਾਏ ਜਾਣਾ ਚਾਹੁੰਦੇ ਹਨ । ਕੀ ਤੁਸੀਂ ਸਮਝ ਰਹੇ ਹੋ ਕਿ ਮੇਰਾ ਕੀ ਮਤਲਬ ਹੈ? ਪੂਰਵ ਗਿਆਨ ਦੁਆਰਾ, ਬੇਅੰਤ ਪਰਮੇਸ਼ੁਰ, ਜਿਹੜਾ ਸਾਰੀਆਂ ਚੀਜਾਂ ਜਾਣਦਾ ਸੀ, ਲੇਲੇ ਨੂੰ ਵੇਖਿਆ, ਅਤੇ ਉਸ ਨੇ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਲੇਲੇ ਨੂੰ ਕੋਹਿਆ, ਅਤੇ ਉਸ ਨੇ ਤੁਹਾਡੇ ਨਾਮ ਨੂੰ ਲੇਲੇ ਦੀ ਜੀਵਨ ਦੀ ਪੋਥੀ ਵਿੱਚ ਰੱਖ ਦਿੱਤਾ ।ਅਤੇ ਉਸ ਨੇ ਸ਼ਤਾਨ ਦੀ ਧੋਖੇਬਾਜ਼ੀ ਨੂੰ ਵੇਖਿਆ, ਕਿ ਉਹ ਕੀ ਕਰੇਗਾ । ਇਸ ਲਈ ਉਸ ਨੇ ਤੁਹਾਡੇ ਨਾਮ ਨੂੰ ਉਥੇ ਰੱਖ ਦਿੱਤਾ । ਅਤੇ ਉਸ ਨੇ ਕਿਹਾ ਕਿ ਮਸੀਹ ਵਿਰੋਧੀ ਐਨਾ ਧਾਰਮਿਕ, ਵਧੀਆ, ਐਨਾ ਚੰਗਾ ਸਾਥੀ ਹੋਵੇਗਾ, ਅਜਿਹਾ ਹੁਸ਼ਿਆਰ ਆਦਮੀ ਹੋਵੇਗਾ, ਅਜਿਹਾ ਧਾਰਮਿਕ ਆਦਮੀ ਹੋਵੇਗਾ, ਕਿ ਜੇ ਹੋ ਸਕਦਾ ਤਾਂ ਚੁਣਿਆਂ ਹੋਇਆ ਨੂੰ ਵੀ

ਭਰਮਾ ਲੈਂਦਾ। ਪਰ ਇਹ ਨਹੀਂ ਹੋ ਸਕਦਾ, ਕਿਉਂਕਿ ਉਹਨਾਂ ਦੇ ਨਾਮ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਠਹਿਰਾਏ ਗਏ ਸਨ। ਚੋਣ ਦੇ ਦੁਆਰਾ ਉਸ ਨੇ ਉਹਨਾਂ ਨੂੰ ਚੁਣ ਲਿਆ, ਅਤੇ ਪਹਿਲਾਂ ਤੋਂ ਠਹਿਰਾਏ ਜਾਣ ਦੁਆਰਾ ਉਹ ਜਾਣਦੇ ਹਨ ਕਿ ਉਹ ਕਿਥੇ ਜਾ ਰਹੇ ਹਨ। ਇਥੇ ਹੋ ਤੁਸੀਂ।

110 ਹੁਣ, ਕੌਣ ਉਸ ਤੇ ਸ਼ੱਕ ਕਰ ਸਕਦਾ ਸੀ? ਇਹੀ ਹੈ ਜੋ ਪੌਲੁਸ ਨੇ ਕਿਹਾ ਸੀ। ਇਹ ਪੌਲੁਸ ਦੀ ਲਿਖਤ ਹੈ। ਇਹ ਪੌਲੁਸ ਲਿਖ ਰਿਹਾ ਹੈ। ਇਹੀ ਉਹ ਹੈ ਜੋ ਉਸ ਨੇ ਆਪਣੀ ਕਲੀਸਿਯਾ ਨੂੰ ਸਿਖਾਇਆ ਸੀ। ਕਲੀਸਿਯਾ ਨੂੰ, ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ, ਉਸਦੀ ਪਦਵੀ ਦਿੱਤੀ ਗਈ ਸੀ। ਜਦ ਪਰਮੇਸ਼ੁਰ, ਆਪਣੀਆਂ ਗਰਭ ਦੀਆਂ ਪੀੜਾਂ ਵਿੱਚ, ਤੁਹਾਨੂੰ ਅੱਗੇ ਲੈ ਕੇ ਆ ਰਿਹਾ ਸੀ, ਤੁਹਾਨੂੰ ਅਗਾਂਹ ਲੈ ਕੇ ਆ ਰਿਹਾ ਸੀ, ਇਹ ਜਾਣਦੇ ਹੋਏ ਕਿ ਤੁਸੀਂ ਕੀ ਕਰੋਗੇ, ਉਸ ਨੇ ਤੁਹਾਨੂੰ ਆਪਣੀ ਦੇਹ ਵਿੱਚ ਸਥਾਨ ਦਿੱਤਾ, ਇੱਕ ਘਰੇਲੂ ਔਰਤ ਹੋਣ ਲਈ, ਇੱਕ ਕਿਸਾਨ ਬਣਨ ਦੇ ਲਈ, ਇੱਕ ਪ੍ਰਚਾਰਕ ਬਣਨ ਦੇ ਲਈ, ਇੱਕ ਨਬੀ ਬਣਨ ਦੇ ਲਈ, *ਇਹ* ਜਾਂ *ਉਹ* ਬਣਨ ਲਈ। ਉਸ ਨੇ ਤੁਹਾਨੂੰ ਸਥਾਨ ਦਿੱਤਾ। ਅਤੇ ਹੁਣ ਜੱਦ ਅਸੀਂ ਮਿਸ਼ਰ ਦੀ ਲਸਣ ਵਾਲੀ ਧਰਤੀ ਵਿਚੋਂ ਬਾਹਰ ਆ ਗਏ ਹਾਂ, ਪਵਿਤ੍ਰੀਕਰਨ ਰਾਹੀਂ, ਅਤੇ ਵਾਇਦਾ ਕੀਤੀ ਹੋਈ ਧਰਤੀ ਲਈ ਬਪਤਿਸਮਾ ਦਿੱਤਾ ਗਿਆ ਹੈ…ਕਿਉਂਕਿ, ਪਰਮੇਸ਼ੁਰ ਦਾ ਵਾਇਦਾ ਪਵਿੱਤਰ ਆਤਮਾ ਹੈ। ਅਫਸੀਆਂ 4:30, ਆਖਦੀ ਹੈ, "ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਜਿਹ ਦੇ ਨਾਲ ਨਿਸਤਾਰੇ ਦੇ ਦਿਨ ਤੀਕ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ ਉਦਾਸ ਨਾ ਕਰੋ"। ਫਿਰ ਜੱਦ ਪਰਮੇਸ਼ੁਰ ਨੇ, ਕਲੀਸਿਯਾ ਨੂੰ ਪਹਿਲਾਂ ਤੋਂ ਠਹਿਰਾ ਦਿੱਤਾ, ਤਾਂ ਉਸ ਨੇ ਕਿਹਾ, "ਅਤੇ ਸਾਰੇ ਲੋਕ, ਉਥੇ ਲਖਾਂ ਕਰੋੜਾਂ ਲੋਕ ਹੋਣਗੇ ਜਿਹੜੇ ਧਾਰਮਿਕਤਾ ਦੇ ਨਾਲ ਚਲਣਗੇ ਅਤੇ ਭਰਮਾਏ ਜਾਣਗੇ"। ਅਤੇ ਸਿਰਫ ਉਹੀ ਲੋਕ ਨਹੀਂ ਭਰਮਾਏ ਜਾਣਗੇ ਜਿਹੜੇ ਵਾਇਦਾ ਕੀਤੀ ਹੋਈ ਧਰਤੀ ਵਿੱਚ ਆ ਜਾਣਗੇ, ਜਿਹਨਾਂ ਦੇ ਨਾਮ ਧਰਤੀ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਲੇਲੇ ਦੀ ਜੀਵਨ ਦੀ ਪੋਥੀ ਵਿਚ ਰਖੇ ਗਏ ਸਨ, ਅਤੇ ਵਾਇਦਾ ਕੀਤੀ ਹੋਈ ਧਰਤੀ ਵਿੱਚ ਆ ਗਏ ਹਨ ਅਤੇ ਇਸ ਦਾ ਅਨੰਦ ਲੈ ਰਹੇ ਹਨ।

111 ਬਹੁਤੇ ਲੋਕ ਡਰਦੇ ਹਨ ਕਿ ਤੁਸੀਂ ਅਜੀਬ ਕਿਸਮ ਦੇ ਕੰਮ ਕਰੋਗੇ। ਬਹੁਤੇ ਲੋਕ ਸ਼ੋਚਦੇ ਹਨ ਕਿ ਪਵਿੱਤਰ ਆਤਮਾ ਤੁਹਾਡੇ ਕੋਲੋਂ ਕੁਝ ਅਜਿਹਾ ਕਰਵਾਏਗਾ—ਜਿਸ ਕਰਕੇ ਤੁਹਾਨੂੰ ਲੋਕਾਂ ਸਾਹਮਣੇ ਸ਼ਰਮਿੰਦਾ ਹੋਣਾ ਪਵੇਗਾ। ਬਹੁਤੇ ਲੋਕਾਂ ਨੂੰ ਡਰ ਹੈ ਕਿ ਉਹ ਰੋ ਪੈਣਗੇ, ਅਤੇ ਉਹਨਾਂ ਦੀ ਪ੍ਰੇਮਿਕਾ ਉਹਨਾਂ ਨੂੰ ਰੋਂਦੇ ਹੋਏ ਵੇਖ ਲਵੇਗੀ, ਜਾਂ ਮਾਂ ਜਾਂ ਤੁਹਾਡੇ ਗੁਆਂਢੀ ਜਾਂ ਤੁਹਾਡਾ ਮਾਲਕ ਤਹਾਨੂੰ ਰੋਂਦੇ ਹੋਏ ਵੇਖ ਲਵੇਗਾ।

112 ਬੰਦ ਕਰਨ ਤੋਂ ਪਹਿਲਾਂ, ਮੈਂ ਤਹਾਨੂੰ ਇੱਕ ਆਦਮੀ ਬਾਰੇ ਦੱਸਦਾ ਹਾਂ। ਇੱਕ ਆਦਮੀ ਸੀ ਜਿਸਦਾ ਨਾਮ ਦਾਊਦ ਸੀ, ਅਤੇ ਜੱਦ ਪਰਮੇਸ਼ੁਰ ਦੇ ਨੇਮ ਦਾ ਸੰਦੂਕ ਫਿਲੀਸਤੀਨ ਦੀ ਧਰਤੀ ਵਿੱਚ ਸੀ, ਅਤੇ ਇਹ ਪਾਰ ਆਇਆ, ਇੱਕ ਬੁੱਢਾ ਬਲਦ ਉਹਨਾਂ ਨੂੰ ਖਿੱਚ ਰਿਹਾ ਸੀ, ਜਦੋਂ ਦਾਊਦ ਨੇ ਉਸ ਸੰਦੂਕ ਨੂੰ ਆਉਂਦੇ ਵੇਖਿਆ, ਉਸ ਨੇ ਇੱਕ ਨਿੱਕਾ ਜਿਹਾ ਚੋਗਾ ਪਾਇਆ ਹੋਇਆ ਸੀ, ਉਹ ਭੱਜ ਕੇ ਉਥੇ ਗਿਆ, ਉਸ ਨੇ ਆਪਣੇ ਪੈਰਾਂ ਨੂੰ ਹਵਾ ਵਿੱਚ ਉਛਾਲਿਆ, ਅਤੇ ਚੁਫੇਰੇ ਛਾਲਾਂ ਮਾਰੀਆਂ, ਅਤੇ ਚਿਲਾਇਆ ਅਤੇ ਛਾਲਾਂ ਮਾਰੀਆਂ, ਅਤੇ ਨਚਿਆ ਅਤੇ ਛਾਲਾਂ ਮਾਰੀਆਂ ਅਤੇ ਨਚਿਆ। ਅਤੇ, ਉਹ, ਇਸਰਾਇਲ ਦਾ ਰਾਜਾ ਸੀ! ਅਤੇ ਉਸ ਦੀ ਪਤਨੀ ਨੇ ਖਿੜਕੀ ਵਿਚੋਂ ਬਾਹਰ ਵੇਖਿਆ ਅਤੇ ਉਸ ਨੂੰ ਅਜੀਬ ਹਰਕਤ ਵੇਖਿਆ, ਉਸ ਨੇ ਉਸ ਨੂੰ ਤੁੱਛ ਜਾਣਿਆ। ਕਿਉਂ, ਉਸ ਨੇ ਜਰੂਰ ਇਹ ਕਿਹਾ ਹੋਵੇਗਾ, "ਮੂਰਖ! ਬਾਹਰ ਉਸ ਵਲ ਵੇਖੋ, ਜਿਸ ਤਰਾਂ ਉਹ ਹਰਕਤਾਂ ਕਰ ਰਿਹਾ ਹੈ, ਆਪਣੇ ਪੈਰ ਹਵਾ ਵਿੱਚ ਉਛਾਲ ਰਿਹਾ ਹੈ, ਅਤੇ ਚੁਫ਼ੇਰੇ ਛਾਲਾਂ ਮਾਰ ਰਿਹਾ ਹੈ ਅਤੇ ਇਸ ਤਰਾਂ ਦੀਆਂ ਹਰਕਤਾਂ ਕਰ ਰਿਹਾ ਹੈ। ਕਿਉਂ, ਜਰੂਰ ਉਹ ਪਾਗਲ ਹੈ!" ਅਤੇ ਉਸ ਰਾਤ ਜਦੋਂ ਉਹ ਘਰ ਆਇਆ, ਉਸ ਨੇ ਕਿਹਾ, ਅਜਿਹੇ ਸ਼ਬਦਾਂ ਵਿੱਚ, "ਕਿਉਂ, ਤੂੰ ਮੈਨੂੰ ਸ਼ਰਮਿੰਦਾ ਕੀਤਾ ਹੈ। ਕਿਉਂ, ਤੂੰ, ਪਾਤਸ਼ਾਹ, ਮੇਰਾ ਪਤੀ, ਬਾਹਰ ਇਸ ਤਰਾਂ ਕਿਉਂ ਕਰ ਰਿਹਾ ਸੀ, ਇਸ ਤਰਾਂ ਦੀਆਂ ਹਰਕਤਾਂ ਕਿਉਂ ਕਰ ਰਿਹਾ ਸੀ!"

113 ਦਾਊਦ ਨੇ ਕਿਹਾ, "ਕਲ੍ਹ ਮੈਂ ਇਸ ਤੋਂ ਵਧੇਰੇ ਕਰਾਂਗਾ। ਹਾਂ ਸ਼੍ਰੀ ਮਾਨ!" ਉਸ ਨੇ ਕਿਹਾ, "ਕੀ ਤੂੰ ਨਹੀਂ ਜਾਣਦੀ ਕਿ ਮੈਂ ਪ੍ਰਭੂ ਲਈ ਨੱਚ ਰਿਹਾ ਸੀ?" ਉਹ ਪਾਰ ਲੰਘ ਚੁਕਾ ਸੀ! ਉਹ ਵਾਇਦਾ ਕੀਤੀ ਹੋਈ ਧਰਤੀ ਵਿੱਚ ਸੀ। ਉਸ ਨੇ ਆਪਣੀ ਸਾਰੀ ਸਵੈ-ਸ਼ੈਲੀ ਅਤੇ ਸੰਸਾਰ ਦੇ ਚਿੱਕੜ ਨੂੰ ਛੱਡ ਦਿਤਾ ਸੀ। ਉਹ ਇਹ ਜਾਣਕੇ ਖੁਸ਼ ਸੀ ਕਿ ਨੇਮ ਦਾ ਸੰਦੂਕ ਉਸਦੇ ਆਪਣੇ ਸ਼ਹਿਰ ਵਿਚ ਆ ਰਿਹਾ ਸੀ।

114 ਅਤੇ, ਔਹ, ਮੈਂ ਤੁਹਾਨੂੰ ਦੱਸਦਾ ਹਾਂ, ਬਹੁਤ ਸਾਰੇ ਲੋਕ ਪਵਿੱਤਰ ਆਤਮਾ ਪਾਉਣ ਤੋਂ ਡਰਦੇ ਹਨ, ਉਹ ਡਰਦੇ ਹਨ ਕਿ ਸ਼ਾਇਦ ਉਹ ਪਰਾਈਆਂ ਭਾਸ਼ਾਵਾਂ ਬੋਲਣਗੇ। ਉਹ ਡਰਦੇ ਹਨ ਕਿ ਕੋਈ ਕਹੇਗਾ, "ਹੁਣ, ਇਹ ਉਹਨਾਂ ਪਰਾਈਆਂ ਭਾਸ਼ਾਵਾਂ ਬੋਲਣ ਵਾਲਿਆਂ ਵਿਚੋਂ ਇੱਕ ਹੈ"। ਉਹ ਚਰਚ ਆਉਣ ਤੋਂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣ ਤੋਂ ਡਰਦੇ ਹਨ, ਕਿਉਂਕਿ ਇਸ ਤੋਂ ਉਹਨਾਂ ਨੂੰ ਸ਼ਰਮ ਆਉਂਦੀ ਹੈ। ਅਹ! ਔਹ!

115 ਕਿਸੇ ਨੇ ਕਿਹਾ ਕਿ ਮੈਨੂੰ ਆਪਣੀਆਂ ਟੇਪਾਂ ਵਾਪਸ ਲੈ ਲੈਣੀਆਂ ਚਾਹੀਦੀਆਂ ਹਨ, ਕਿਉਂਕਿ ਮੈਂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣ

ਲਈ ਪਰਚਾਰ ਕੀਤਾ ਹੈ । ਮੈਂ ਉਹਨਾਂ ਨੂੰ ਵਾਪਸ ਨਹੀਂ ਲੈ ਰਿਹਾ । ਮੈਂ ਹੋਰ ਬਣਾ ਰਿਹਾ ਹਾਂ! ਇਹ ਸਹੀ ਹੈ, ਕਿ, ਹੋਰ ਬਣਾ ਰਿਹਾ ਹਾਂ! ਇਹ ਬਾਈਬਲ ਹੈ । ਜੇ ਉਹਨਾਂ ਨੂੰ ਉਹ ਪਸੰਦ ਨਹੀਂ ਹੈ ਜੋ ਅਸੀਂ ਕਲ੍ਹ ਕੀਤਾ ਸੀ, ਬੱਸ ਵੇਖੋ ਕਿ ਅਸੀਂ ਆਉਣ ਵਲੇ ਕਲ ਕੀ ਕਰਨ ਜਾ ਰਹੇ ਹਾਂ! ਇਹੀ ਕੰਮ ਕਰਨ ਵਾਲਾ ਹੈ, ਸਮਝੇ, ਬੱਸ ਚਲਦੇ ਜਾਓ । ਇਸ ਦਾ ਕੋਈ ਅੰਤ ਨਹੀਂ ਹੈ, ਕਿਉਂਕਿ ਇਹ ਪ੍ਰਭੂ ਵਲੋਂ ਹੈ । ਇਹ ਪਰਮੇਸ਼ੁਰ ਹੈ ।

116 ਤੁਸੀਂ ਜਾਣਦੇ ਹੋ ਪਰਮੇਸ਼ੁਰ ਨੇ ਕੀ ਕੀਤਾ? ਪਰਮੇਸ਼ੁਰ ਨੇ ਸਵਰਗੋਂ ਹੇਠਾਂ ਵੇਖਿਆ, ਉਸ ਕਿਹਾ, “ਦਾਊਦ, ਤੂੰ ਮੇਰੇ ਮੰਨ ਪਸੰਦ ਆਦਮੀ ਹੈਂ” । ਦਾਊਦ ਸ਼ਰਮਿੰਦਾ ਨਹੀਂ ਸੀ । ਉਹ ਪਰਮੇਸ਼ੁਰ ਦਾ ਸੇਵਕ ਸੀ । ਉਹ ਪ੍ਰਭੂ ਨੂੰ ਪ੍ਰੇਮ ਕਰਦਾ ਸੀ । ਅਤੇ ਐਨਾ ਖੁਸ਼ ਸੀ, ਅਨੰਦ ਨਾਲ ਐਨਾ ਭਰਿਆ ਹੋਇਆ ਸੀ, ਐਥੋਂ ਤੱਕ ਕਿ ਇਸ ਨੇ ਮਨੁੱਖੀ ਸ਼ਾਨ ਬਾਰੇ ਨਹੀਂ ਸੋਚਿਆ ।

117 ਤੁਸੀਂ ਵੇਖਿਆ, ਜਿਵੇਂ ਮੈਂ ਇਸ ਸਵੇਰ ਆਪਣੇ ਉਪਦੇਸ਼ ਵਿੱਚ ਕਿਹਾ, ਅਸੀਂ ਬਹੁਤ ਜਿਆਦਾ ਡਰੇ ਹੋਏ ਹਾਂ, ਕਿ, ਅਸੀਂ ਇੱਕ ਸਾਊਲ ਨੂੰ ਚਾਹੁੰਦੇ ਹਾਂ ਜੋ ਸਾਨੂੰ ਸਿਖਾਵੇ, ਅਸੀਂ ਕਿਸੇ ਸੈਮੀਨਰੀ ਤੋਂ ਇੱਕ ਸਾਊਲ ਨੂੰ ਚਾਹੁੰਦੇ ਹਾਂ ਕਿ ਸਾਨੂੰ ਦੱਸੇ ਕਿ ਅਸੀਂ ਆਪਣੇ ਧਰਮ ਨੂੰ ਕਰਨਾ ਹੈ ਅਤੇ ਅਸੀਂ ਇਸ ਨੂੰ ਕਿਵੇਂ ਕਰਨਾ ਹੈ । ਇਹ ਯਰਦਨ ਦੇ ਦੂਸਰੇ ਪਾਸੇ ਹੈ । ਇਸ ਪਾਸੇ, ਪਵਿੱਤਰ ਆਤਮਾ ਅਗਵਾਈ ਕਰਦਾ ਹੈ । ਇਥੇ ਤੁਸੀਂ ਉਸ ਚਿੱਕੜ ਵਿਚੋਂ ਬਾਹਰ ਹੋ । ਇਥੇ ਤੁਸੀਂ ਪਰਵਾਹ ਨਹੀਂ ਕਰਦੇ ਕਿ ਉਹ ਕੀ ਸੋਚਦੇ ਹਨ ।ਇਥੇ ਤੁਸੀਂ ਮਰ ਚੁੱਕੇ ਹੋ, ਅਤੇ ਤੁਹਾਡਾ ਜੀਵਨ ਮਸੀਹ ਵਿੱਚ ਲੁਕਿਆ ਹੋਇਆ ਹੈ...ਅਤੇ ਪਵਿੱਤਰ ਆਤਮਾ ਨਾਲ ਮੋਹਰਬੰਦ ਕੀਤਾ ਗਿਆ ਹੈ । ਤੁਸੀਂ ਪਰਵਾਹ ਨਹੀਂ ਕਰਦੇ । ਤੁਸੀਂ ਕਨਾਨ ਵਿੱਚ ਰਹਿ ਰਹੇ ਹੋ । ਤੁਸੀਂ ਵਧੀਆ ਮੱਕੀ ਉਗਾ ਸਕਦੇ ਹੋ । ਤੁਸੀਂ ਮਸੀਹ ਯਿਸੂ ਵਿੱਚ ਇੱਕ ਨਵੀਂ ਸ੍ਰਿਸ਼ਟ ਹੋ । ਤੁਸੀਂ ਵਾਇਦਾ ਕੀਤੀ ਹੋਈ ਧਰਤੀ ਲਈ ਠਹਿਰਾਏ ਗਏ ਹੋ ।

118 ਮੈਨੂੰ ਯਾਦ ਹੈ ਭਾਈ ਕੋਲਿਨਸ, ਕੁਝ ਤੀਹ ਕੁ ਸਾਲ ਪਹਿਲਾਂ ਜਦ ਮੈਂ ਇਥੇ ਖੜਾ ਸੀ, ਜੱਦ ਅਜੇ ਇਹ ਚਰਚ ਨਹੀਂ ਬਣੀ ਸੀ। ਇਥੇ ਇਸ ਨੁੱਕਰ ਵਿੱਚ ਇੱਕ ਛੋਟੇ ਜਿਹੇ ਤੰਬੂ ਵਿੱਚ ਇੱਕ ਸਭਾ ਸੀ, ਮੇਰੀ ਪਹਿਲੀ ਸਭਾ ਸੀ । ਮੈਂ ਬਿਲਕੁਲ ਐਸੇ ਇੰਜੀਲ ਦਾ ਪਰਚਾਰ ਕਰ ਰਿਹਾ ਸੀ, ਇਹੋ ਚੀਜ, ਮਸੀਹ ਦੇ ਖਜਾਨੇ ਜਿਹਨਾਂ ਨੂੰ ਲਭਿਆ ਨਹੀਂ ਜਾ ਸਕਦਾ, ਯਿਸੂ ਮਸੀਹ ਦੇ ਨਾਮ ਵਿੱਚ ਪਾਣੀ ਦਾ ਬਪਤਿਸਮਾ, ਇਹ ਨਿਹਚਾ ਕਰਦੇ ਹੋਏ ਕਿ ਹਰੇਕ ਵਚਨ ਸਚਾਈ ਹੈ, ਪਵਿੱਤਰ ਆਤਮਾ ਦਾ ਬਪਤਿਸਮਾ, ਦੈਵਿਕ ਚੰਗਾਈ, ਪਰਮੇਸ਼ੁਰ ਦੀਆਂ ਸ਼ਕਤੀਆਂ, ਬੱਸ ਜਿਵੇਂ ਮੈਂ ਹੁਣ ਪਰਚਾਰ ਕਰ ਰਿਹਾ ਹਾਂ, ਮੈਂ ਕਦੇ ਵੀ ਇਸ ਤੋਂ

ਇੱਕ ਇੰਚ ਵੀ ਵਖਰਾ ਪਰਚਾਰ ਨਹੀਂ ਕੀਤਾ । ਪਰਮੇਸ਼ੁਰ ਨੇ ਮੇਰੇ ਤੇ ਬਹੁਤ ਜਿਆਦਾ ਪਰਗਟ ਕੀਤਾ ਹੈ, ਇਸ ਲਈ, ਜਿਵੇਂ ਉਹ ਪ੍ਰਗਟ ਕਰਦਾ ਹੈ, ਮੈਂ ਬੱਸ ਇਸ ਨੂੰ ਪਰਚਾਰ ਕਰਦਾ ਜਾਂਦਾ ਹਾਂ । ਜੋ ਪਹਿਲਾਂ ਸੀ ਉਹ ਉਸ ਵਿਚੋਂ ਕਦੇ ਵੀ ਕੁਝ ਨਹੀਂ ਲੈਂਦਾ, ਉਹ ਬੱਸ ਇਸ ਵਿੱਚ ਹੋਰ ਜੋੜਦਾ ਰਹਿੰਦਾ ਹੈ ।

119 ਮੈਂ ਉਥੇ ਖੜਾ ਸੀ ਜੱਦ ਲਗਭਗ ਪੰਜ ਸੋ ਲੋਕ ਨਦੀ ਦੇ ਕਿਨਾਰੇ ਤੇ ਖੜੇ ਸਨ, ਉਹ ਗਾ ਰਹੇ ਸਨ, “ਮੈਂ ਯਰਦਨ ਦੇ ਤੁਫਾਨੀ ਕਿਨਾਰਿਆਂ ਉੱਤੇ ਖੜਾ ਹਾਂ, ਅਤੇ ਬੇਤਾਬ ਅੱਖਾਂ ਨਾਲ, ਕਨਾਨ ਦੀ ਸੁੰਦਰ ਅਤੇ ਖੁਸ਼ਹਾਲ ਧਰਤੀ ਵਲ ਵੇਖਦਾ ਹਾਂ, ਜਿਥੇ ਮੇਰੀ ਜਾਇਦਾਦ ਹੈ । ਕੱਦ ਮੈਂ ਉਸ ਨਿਰੋਗ ਕਿਨਾਰੇ ਤੇ ਪੁੱਜਾਂਗਾ, ਅਤੇ ਸਦਾ ਲਈ ਅਰਾਧਨਾ ਕਰਾਂਗਾ, ਕਦੋਂ ਮੈਂ ਪੁੱਜਾਂਗਾ ਅਤੇ ਆਪਣੇ ਪਿਤਾ ਦੇ…ਅਤੇ ਸਦਾ ਅਰਾਮ ਕਰਾਂਗਾ?” ਜਦੋਂ ਉਹਨਾਂ ਇਹ ਗਾਨਾ ਸ਼ੁਰੂ ਕੀਤਾ, ਮੈਂ ਇੱਕ ਲੜਕੇ ਨੂੰ ਪ੍ਰਭੂ ਯਿਸੂ ਦੇ ਨਾਮ ਵਿੱਚ ਬਪਤਿਸਮਾ ਦੇਣ ਲਈ ਨਦੀ ਵਿੱਚ ਲੈ ਜਾ ਰਿਹਾ ਸੀ । ਮੈਂ ਕਿਹਾ, “ਸਵਰਗੀ ਪਿਤਾ, ਜਿਵੇਂ ਮੈਂ ਇਸ ਲੜਕੇ ਨੂੰ ਤੇਰੇ ਕੋਲ ਉਸ ਵਲੋਂ ਇਕਰਾਰ ਕਰਨ ਲਈ ਲੈ ਕੇ ਆ ਰਿਹਾ ਹਾਂ…” ਬੱਸ ਇੱਕ ਲੜਕਾ, ਮੈਂ, ਇਸ ਦੀ ਤਸਵੀਰ ਮੇਰੇ ਘਰ ਵਿੱਚ ਹੈ । ਮੈਂ ਕਿਹਾ, “ਜਦੋਂ ਮੈਂ ਉਸ ਨੂੰ ਪਾਣੀ ਨਾਲ ਬਪਤਿਸਮਾ ਦਵਾਂ, ਪ੍ਰਭੂ, ਉਸ ਦੇ ਇਕਰਾਰ ਤੇ, ਯਿਸੂ ਮਸੀਹ ਪਰਮੇਸ਼ੁਰ ਦੇ ਪੁੱਤ੍ਰ ਦੇ ਨਾਮ ਵਿੱਚ, ਤੂੰ ਉਸ ਨੂੰ ਪਵਿੱਤਰ ਆਤਮਾ ਨਾਲ ਭਰ ਦੇਣਾ” । ਅਤੇ ਉਸ ਵੇਲੇ ਕਿਸੇ ਚੀਜ ਨੇ ਇੱਕ ਵਾ ਵਰੋਲਾ ਛੱਡ ਦਿਤਾ, ਉਹ ਘੁੰਮਦਾ ਹੋਇਆ ਹੇਠਾਂ ਆ ਗਿਆ, ਸਵੇਰ ਦਾ ਉੱਜਲ ਤਾਰਾ ਉਥੇ ਖੜਾ ਸੀ । ਉਥੇ ਉਹ ਰੋਸ਼ਨੀ ਖੜੀ ਸੀ ਜਿਹੜੀ ਤੁਸੀਂ ਉਸ ਤਸਵੀਰ ਵਿੱਚ ਵੇਖ ਰਹੇ ਹੋ ।ਇਹ ਉਥੇ ਖੜੀ ਸੀ ।

120 ਇਹ ਸਾਰੇ ਸੰਸਾਰ ਵਿੱਚ ਵਿੱਚ ਗਈ, ਇਹ ਕਨੇਡਾ ਅਤੇ ਹਰ ਪਾਸੇ ਗਈ । ਉਹਨਾਂ ਕਿਹਾ, “ਇੱਕ ਰਹੱਸਮਈ ਰੋਸ਼ਨੀ ਇੱਕ ਸਥਾਨਕ ਬੈਪਟਿਸਟ ਸੇਵਕ ਦੇ ਸਿਰ ਉੱਤੇ ਪ੍ਰਗਟ ਹੋਈ ਜਦ ਉਹ ਬਪਤਿਸਮੇ ਦੇ ਰਿਹਾ ਸੀ” ।

121 ਕੁਝ ਦਿਨ ਪਹਿਲਾਂ, ਜੱਦ ਡਾਕਟਰ ਲਾਮਸਾ ਮੇਰੇ ਕੋਲ ਆਇਆ, ਅਤੇ ਉਸ ਬਾਰੇ ਉਹ ਕੁਝ ਵੀ ਨਹੀਂ ਜਾਣਦਾ ਸੀ, ਅਤੇ ਮੇਰੇ ਕੋਲ ਇੱਕ ਤਸਵੀਰ ਲੈ ਕੇ ਆਇਆ, ਹੁਣ ਇਸ ਜਗਾ ਤੇ ਇਹ ਕਿਹੜੇ ਭਾਈ ਕੋਲ ਹੈ । ਕੀ ਤੁਹਾਡੇ ਕੋਲ ਉਹ ਤਸਵੀਰ ਹੈ? ਕੀ ਤੁਸੀਂ ਬਾਈਬਲ ਲੈ ਕੇ ਆਏ ਹੋ, ਉਥੇ ਪਈ ਹੀ, ਇਹ ਤੁਹਾਡੀ ਕਿਤਾਬ ਵਿੱਚ ਹੈ? ਸਭ ਠੀਕ ਹੈ । ਉਥੇ ਪਰਮੇਸ਼ੁਰ ਦੇ ਪੁਰਾਣੇ ਇਬਰਾਨੀ ਨਿਸ਼ਾਨ ਦੀ ਇੱਕ ਤਸਵੀਰ ਸੀ, ਠੀਕ ਉਸੇ ਤਰਾਂ ਜਿਵੇਂ ਇਹ ਅਯੂਬ ਦੇ ਦਿਨਾ ਵਿੱਚ ਹੁੰਦੀ ਸੀ, ਬਾਈਬਲ ਦੇ ਲਿਖੇ ਜਾਣ ਤੋਂ ਵੀ ਪਹਿਲਾਂ । ਪਰਮੇਸ਼ੁਰ ਆਪਣੇ ਤਿੰਨ ਗੁਣਾਂ ਵਿੱਚ, ਤਿੰਨਾਂ ਪਰਮੇਸ਼ੁਰਾਂ ਵਿਚ ਨਹੀ। ਇੱਕ ਪਰਮੇਸ਼ੁਰ

ਤਿੰਨ ਗੁਣਾਂ ਵਿੱਚ । ਪਿੱਤਾ, ਪੁੱਤ੍ਰ ਅਤੇ ਪਵਿੱਤਰ ਆਤਮਾ, ਤਿੰਨ ਦਫਤਰ ਜਿਹਨਾਂ ਵਿੱਚ ਪਰਮੇਸ਼ੁਰ ਨੇ ਕੰਮ ਕੀਤਾ ਹੈ । ਤਿੰਨ ਪਰਮੇਸ਼ੁਰ ਨਹੀਂ, ਤਿੰਨ ਗੁਣ! ਅਤੇ ਇਹ ਉਥੇ ਸੀ । ਜਦੋਂ ਮਹਾਨ ਆਦਮੀ, ਡਾਕਟਰ ਲਮਸਾ, ਲਮਸਾ ਬਾਈਬਲ ਦਾ ਅਨੁਵਾਦ, ਜਦੋਂ ਉਸ ਸਵੇਰ ਉਸ ਨੇ ਕਿਹਾ । ਜਦੋਂ ਮੈਂ ਉਸ ਨੂੰ ਦੱਸਿਆ ਕਿ, ਮੈਂ ਕਿਹਾ—ਮੈਂ ਕਿਹਾ, "ਕੀ ਨਿਸ਼ਾਨੀ ਹੈ?"

122 ਉਸ ਨੇ ਕਿਹਾ, "ਇਹ ਪਰਮੇਸ਼ੁਰ ਦਾ, ਇਬਰਾਨੀ ਵਿੱਚ ਦਾ ਪੁਰਾਣੇ ਸਮਿਆਂ ਦਾ ਨਿਸ਼ਾਨ ਹੈ । ਪਰਮੇਸ਼ੁਰ, ਇੱਕ ਪਰਮੇਸ਼ੁਰ ਤਿੰਨਾਂ ਗੁਣਾਂ ਵਿੱਚ" ।

ਮੈਂ ਕਿਹਾ, "ਜਿਵੇਂ ਪਿੱਤਾ, ਪੁੱਤ੍ਰ ਅਤੇ ਪਵਿਤਰ ਆਤਮਾ?"

123 ਉਹ ਰੁੱਕ ਗਿਆ, ਅਤੇ ਉਸ ਨੇ ਆਪਣੀ ਕਾਫ਼ੀ ਦਾ ਕੱਪ ਹੇਠਾਂ ਰੱਖ ਦਿੱਤਾ, ਉਸ ਨੇ ਮੇਰੇ ਵਲ ਵੇਖਿਆ । ਜ਼ੀਨ, ਮੈਨੂੰ ਵਿਸ਼ਵਾਸ ਹੈ ਕਿ ਤੂੰ ਉਥੇ ਸੀ, ਲੀਓ । ਕਿਹਾ, "ਤੁਸੀਂ ਇਹ ਵਿਸ਼ਵਾਸ ਕਰਦੇ ਹੋ?"

ਮੈਂ ਕਿਹਾ, "ਆਪਣੇ ਪੂਰੇ ਦਿਲ ਨਾਲ" ।

124 ਉਸ ਨੇ ਕਿਹਾ, "ਭਾਈ ਬ੍ਰਾਨਹਾਮ, ਕਲ੍ਹ ਰਾਤ ਮੈਂ ਤੁਹਾਡੀ ਸਭਾ ਵਿੱਚ ਖੜਾ ਸੀ, ਮੈਂ ਦਿਲਾਂ ਦੇ ਭੇਤ ਬੁੱਝਣ ਨੂੰ ਵੇਖਿਆ । ਇਸ ਤੋਂ ਪਹਿਲਾਂ ਮੈਂ ਇਸ ਨੂੰ ਆਪਣੀ ਧਰਤੀ ਵਿੱਚ, ਅਮਰੀਕਾ ਵਿੱਚ, ਕਦੇ ਵੀ ਨਹੀਂ ਵੇਖਿਆ" । ਉਸ ਨੇ ਕਿਹਾ, "ਇਹ ਅਮਰੀਕੀ ਲੋਕ ਤਾਂ ਬਾਈਬਲ ਨੂੰ ਵੀ ਨਹੀਂ ਜਾਣਦੇ । ਸਿਰਫ ਇੱਕ ਚੀਜ਼ ਜੋ ਉਹ ਜਾਣਦੇ ਹਨ ਉਹ ਉਹਨਾਂ ਦਾ ਧਾਰਮਿਕ ਵਰਗ ਹੈ । ਉਹ ਤਾਂ ਇਹ ਵੀ ਨਹੀਂ ਜਾਣਦੇ ਕਿ ਉਹ ਕਿਥੇ ਖੜੇ ਹਨ" । ਕਿਹਾ, "ਉਹ ਕੁਝ ਵੀ ਨਹੀਂ ਜਾਣਦੇ" । ਉਸ ਨੇ ਕਿਹਾ, "ਪਰ ਕਲ੍ਹ ਰਾਤ ਜਦ ਮੈਂ ਉਥੇ ਖੜਾ ਸੀ," ਕਿਹਾ, "ਮੈਂ ਕਿਹਾ…" ਹੁਣ, ਭਾਈ ਜ਼ੀਨ, ਮੈਂ ਇਸ ਨੂੰ ਆਦਰ ਅਤੇ ਪਿਆਰ ਨਾਲ ਕਹਿ ਰਿਹਾ ਹਾਂ । ਉਸ ਨੇ ਕਿਹਾ, "ਮੈਂ ਕਿਹਾ, 'ਇਹ ਜਰੂਰ ਇੱਕ ਨਬੀ ਹੈ' । ਪਰ ਜਦ ਮੈਂ ਵੇਖਦਾ ਹਾਂ ਕਿ ਤੁਸੀਂ ਇਹ ਨਿਹਚਾ ਕਰਦੇ ਹੋ ਕਿ ਪਿਤਾ, ਪੁੱਤ੍ਰ ਅਤੇ ਪਵਿੱਤਰ ਆਤਮਾ ਤਿੰਨ ਵਖਰੇ ਪਰਮੇਸ਼ੁਰ ਨਹੀਂ ਸਨ, ਇਹ ਗੁਣ ਸਨ, ਇਸ ਤੋਂ ਮੈਂ ਜਾਣਿਆ ਜੋ ਤੁਸੀਂ ਪਰਮੇਸ਼ੁਰ ਦੇ ਨਬੀ ਹੋ, ਨਹੀਂ ਤਾਂ ਇਹ ਤੁਹਾਡੇ ਉੱਤੇ ਇਸ ਤਰਾਂ ਪ੍ਰਗਟ ਨਾ ਹੁੰਦਾ" । ਉਸ ਨੇ ਕਿਹਾ, "ਇੱਕ ਇੱਕ ਸਿੱਧ ਚਿੰਨ੍ਹ ਹੈ"। ਕਿਹਾ, "ਮੈਂ ਕਦੇ ਵੀ…" ਕਿਹਾ, "ਤੁਸੀਂ ਵੱਨਨੈਸ ਵਾਲੇ ਨਹੀਂ ਹੋ?"

125 ਮੈਂ ਕਿਹਾ, "ਨਹੀਂ ਸ਼੍ਰੀਮਾਨ । ਮੈਂ ਵੱਨਨੈਸ ਵਾਲਾ ਨਹੀਂ ਹਾਂ । ਮੈਂ ਪਰਮੇਸ਼ੁਰ ਵਿੱਚ ਵਿਸ਼ਵਾਸ ਕਰਦਾ ਹਾਂ ਕਿ ਉਹ ਸ਼ਰਵਸ਼ਕਤੀਮਾਨ ਪਰਮੇਸ਼ੁਰ ਹੈ, ਅਤੇ ਤਿੰਨ ਗੁਣ ਕੇਵਲ ਤਿੰਨ ਦਫਤਰ ਹਨ ਜਿਹਨਾਂ ਵਿੱਚ ਇੱਕੋ ਪਰਮੇਸ਼ੁਰ ਰਹਿੰਦਾ ਹੈ" ।

126 ਉਸ ਨੇ ਕਿਹਾ, "ਪਰਮੇਸ਼ੁਰ ਤੁਹਾਡੇ ਹਿਰਦੇ ਨੂੰ ਬਰਕਤ ਦਵੇ!" ਉਸ ਨੇ ਕਿਹਾ, "ਕਿਸੇ ਦਿਨ ਇਸੇ ਲਈ ਤੁਸੀਂ ਆਪਣਾ ਲਹੂ ਇਸ ਧਰਤੀ ਉੱਤੇ ਵਹਾਓਗੇ, ਪਰ," ਕਿਹਾ, "ਨਬੀ ਹਮੇਸ਼ਾ ਕਿਸੇ ਮਕਸਦ ਲਈ ਮਰਦੇ ਹਨ ਜਿਸ ਲਈ ਉਹਨਾਂ ਨੂੰ ਭੇਜਿਆ ਜਾਂਦਾ ਹੈ" ।

127 ਅਤੇ ਮੈਂ ਕਿਹਾ, "ਜੇ ਮੇਰੇ ਪ੍ਰਭੂ ਨੂੰ ਇਹ ਚੰਗਾ ਲਗਦਾ ਹੈ, ਤਾਂ ਇਸੇ ਤਰਾਂ ਹੋਣ ਦਿਓ" । ਉਹ ਲਮਸਾ ਬਾਈਬਲ ਦਾ ਅਨੁਵਾਦਕ ਹੈ ।

128 ਔਹ, ਇਹ ਸੱਚ ਹੈ । ਮੈਂ ਕਿੰਨੀ ਵਾਰ, ਇਸ ਕਲੀਸਿਯਾ ਨੂੰ ਕਿਹਾ ਹੈ, ਜਿਵੇਂ ਸਮੂਏਲ ਨੇ ਉਹਨਾਂ ਵਲੋਂ ਸਾਊਲ ਨੂੰ ਚੁਣਨ ਤੋਂ ਪਹਿਲਾਂ ਕਿਹਾ ਸੀ, "ਇਸ ਤੋਂ ਪਹਿਲਾਂ ਕਿ ਤੁਸੀਂ ਬਾਹਰ ਜਾਓ ਅਤੇ ਕਿਸੇ ਧਾਰਮਿਕ ਵਰਗ ਨਾਲ ਜੁੜੋ, ਅਤੇ ਆਪਣੇ ਆਪ ਨੂੰ ਕਿਸੇ ਕਿਸਮ ਦੇ ਧਰਮ ਦੇ ਬੰਧਨਾਂ ਵਿੱਚ ਬਨ੍ਹ ਲਵੋ, ਤੁਸੀਂ ਪਵਿੱਤਰ ਆਤਮਾ ਨੂੰ ਆਪਣੀ ਅਗਵਾਈ ਕਿਉਂ ਨਹੀਂ ਕਰਨ ਦਿੰਦੇ?" ਤੁਸੀਂ ਕਿਉਂ ਪਰਮੇਸ਼ੁਰ ਨੂੰ ਆਪਣਾ ਆਗੂ ਕਰ ਕੇ ਨਹੀਂ ਲੈਂਦੇ ਅਤੇ ਉਸ ਨੂੰ ਤਹਾਨੂੰ ਬਰਕਤ ਨਹੀਂ ਦੇਣ ਦਿੰਦੇ ਅਤੇ ਆਪਣੇ ਧਾਰਮਿਕ ਵਰਗ ਬਾਰੇ ਭੁਲ ਜਾਓ । ਹੁਣ, ਮੈਂ ਇਹ ਨਹੀਂ ਕਹਿ ਰਿਹਾ ਕਿ ਕਲੀਸਿਯਾ ਦੇ ਕਿਸੇ ਵਰਗ ਨਾਲ ਸੰਬੰਧ ਨਾ ਰਖੋ, ਤੁਸੀਂ ਜਿਸ ਨਾਲ ਚਾਹੁੰਦੇ ਹੋ ਉਸ ਨਾਲ ਸੰਬੰਧ ਰਖ ਸਕਦੇ ਹੋ । ਇਹ ਤੁਹਾਡੇ ਉੱਤੇ ਨਿਰਭਰ ਹੈ । ਪਰ ਮੈਂ ਤੁਹਾਨੂੰ ਦੱਸ ਰਿਹਾ ਹਾਂ, ਵਿਅਕਤੀਗਤ ਤੌਰ ਤੇ, ਤੁਸੀਂ ਪਵਿੱਤਰ ਆਤਮਾ ਨੂੰ ਆਪਣੀ ਅਗੁਵਾਈ ਕਰਨ ਦਿਓ । ਤੁਸੀਂ ਬਾਈਬਲ ਨੂੰ ਪੜ੍ਹੋ । ਅਤੇ ਜੋ ਬਾਈਬਲ ਕਹਿੰਦੀ ਹੈ, ਤੁਸੀਂ ਉਹ ਕਰੋ । ਪਰਮੇਸ਼ੁਰ ਤੁਹਾਨੂੰ ਬਰਕਤ ਦਵੇ ।

129 ਅਤੇ ਹੁਣ ਮੈਂ ਲੰਮਾ ਸਮਾਂ ਉਡੀਕ ਕੀਤੀ ਹੈ । ਮੈਂ ਸੋਚ ਰਿਹਾ ਹਾਂ ਕਿ ਇਥੇ ਕੋਈ ਹੈ ਜਿਹੜਾ ਪ੍ਰਾਰਥਨਾ ਪੰਕਤੀ ਵਿੱਚ ਆ ਕੇ ਪ੍ਰਾਰਥਨਾ ਕਰਾਉਣੀ ਚਾਹੁੰਦਾ ਹੈ । ਜੇ ਉਹ ਚਾਹੁੰਦੇ ਹਨ, ਤਾਂ ਆਪਣੇ ਹੱਥਾਂ ਨੂੰ ਖੜੇ ਕਰਨ । ਬੱਸ ਇੱਕ, ਦੋ, ਤਿੰਨ । ਸਭ ਠੀਕ ਹੈ । ਤੁਸੀਂ ਸਾਰੇ ਇਥੇ ਆ ਜਾਓ, ਜੇ ਤੁਸੀਂ ਚਾਹੋ ਤਾਂ ਇਥੇ ਖੜੇ ਹੋ ਸਕਦੇ ਹੋ, ਇਸ ਸਮੇਂ, ਅਤੇ—ਅਤੇ ਅਸੀਂ ਸਾਰੇ ਪ੍ਰਾਰਥਨਾ ਕਰਾਂਗੇ । ਅਤੇ ਫਿਰ ਅਸੀਂ...ਮੈਂ ਨਹੀਂ ਚਾਹੁੰਦਾ ਕਿ ਤੁਸੀਂ ਅਜੇ ਜਾਓ । ਇਸ ਤੋਂ ਪਹਿਲਾਂ ਕਿ ਅਸੀਂ—ਅਸੀਂ ਬੰਦ ਕਰੀਏ ਮੈਂ ਅਧਿਕਾਰਤ ਤੌਰ ਤੇ ਇਥੇ ਕੁਝ ਹੋਰ ਕਰਨਾ ਚਾਹੁੰਦਾ ਹਾਂ ।

130 ਕਿੰਨਿਆਂ ਨੂੰ ਗਲਾਤੀਆਂ ਦੀ ਕਿਤਾਬ ਦਾ ਅਧਿਐਨ ਚੰਗਾ ਲਗਦਾ ਹੈ... ਮੇਰਾ ਮਤਲਬ ਸੀ ਅਫਸੀਆਂ ਦਾ? ਹੁਣ, ਬੁੱਧਵਾਰ ਰਾਤ ਨੂੰ, ਅਸੀਂ ਮੋਹਰਾਂ ਦੇ ਵਿੱਚ ਜਾਵਾਂਗੇ । ਅਤੇ ਫਿਰ ਅਗਲੇ ਐਤਵਰ ਦੀ ਸਵੇਰ ਨੂੰ, ਅਸੀਂ ਕਲੀਸਿਯਾ ਨੂੰ ਉਸ ਦੇ ਸਥਾਨ ਤੇ ਰੱਖਣ ਵਿੱਚ ਜਾਵਾਂਗੇ । ਔਹ, ਜੇ...ਸ਼ਾਇਦ ਅਸੀਂ

ਆਉਣ ਵਾਲੀ ਬੁੱਧਵਾਰ ਰਾਤ ਨੂੰ ਉਸ ਵਿੱਚ ਜਾਵਾਂਗੇ, ਤੁਸੀਂ ਲੋਕ ਜਿਹੜੇ ਇਥੇ ਜੈਫਰਸਨਵਿਲੇ ਵਿਚ ਹੋ। ਕਲੀਸਿਯਾ ਨੂੰ ਉਸ ਦੇ ਸਥਾਨ ਤੇ ਰੱਖਣਾ ਜਿਥੇ ਉਸ ਨੂੰ ਹੋਣਾ ਚਾਹੀਦਾ ਹੈ, ਹਰੇਕ ਨੂੰ। ਸਾਨੂੰ ਲੇਪਾਲਕਪਣ ਰਾਹੀਂ ਕਿਵੇਂ ਬੁਲਾਇਆ ਗਿਆ ਹੈ। ਪਰਮੇਸ਼ੁਰ ਨੇ ਸਾਨੂੰ ਲੇਪਾਲਕ ਪੁੱਤ੍ਰ ਹੋਣ ਲਈ ਠਹਿਰਾਇਆ ਹੈ, ਅਸੀਂ ਜਨਮ ਤੋਂ ਹੀ ਪੁੱਤ੍ਰ ਹਾਂ। ਪਵਿੱਤਰ ਆਤਮਾ ਰਾਹੀਂ ਸਾਡਾ ਲੇਪਾਲਕਪਣ ਹੋਇਆ ਅਤੇ ਸਾਨੂੰ ਸਾਡੇ ਸਥਾਨ ਤੇ ਰਖਿਆ ਗਿਆ। ਵੇਖੋ! ਜੱਦ ਉਹਨਾਂ ਨੇ ਨਦੀ ਨੂੰ ਪਾਰ ਕੀਤਾ, ਉਹਨਾਂ ਵਿਚੋਂ ਹਰੇਕ ਇਬਰਾਨੀ ਸੀ, ਪਰ ਯਹੋਸ਼ੁਆ ਨੇ ਧਰਤੀ ਨੂੰ ਵੰਡਿਆ ਅਤੇ ਹਰੇਕ ਨੂੰ ਜਿਵੇਂ ਉਹਨਾਂ ਦੀਆਂ ਮਾਵਾਂ ਨੇ ਜਨਮ ਦੇ ਵੇਲੇ ਕਿਹਾ ਸੀ ਉਸ ਅਨੁਸਾਰਦੇ ਦਿੱਤਾ, ਜਿਥੇ ਜਿਥੇ ਪਵਿੱਤਰ ਆਤਮਾ ਨੇ ਉਸ ਨੂੰ ਕਿਹਾ ਸੀ।

131 ਯਕੂਬ ਵਲ ਵੇਖੋ ਜਦੋਂ ਉਹ ਮਰ ਰਿਹਾ ਸੀ, ਇੱਕ ਨਬੀ, ਅੰਨ੍ਹਾ, ਆਪਣੇ ਪੈਰ ਮੰਜੇ ਉੱਪਰ ਖਿੱਚੇ, ਕਿਹਾ, "ਯਾਕੂਬ ਦੇ ਪੁੱਤਰੋ ਅੱਗੇ ਆਓ ਅਤੇ ਮੈਂ ਤਹਾਨੂੰ ਦੱਸਾਂਗਾ ਕਿ ਅਖੀਰਲੇ ਦਿਨ ਤੁਸੀਂ ਕਿਥੇ ਹੋਵੇਗੇ"। ਮਹਿਮਾ ਹੋਵੇ! ਔਹ, ਮੈਂ ਜਾਣਦਾ ਹਾਂ ਕਿ ਅਜੀਬ ਲਗਾਂਗਾ। ਲੋਕ ਅਜੀਬ ਲਗ ਸਕਦੇ ਹਨ। ਪਰ, ਔਹ, ਜੇ ਕਿਤੇ ਤੁਸੀਂ ਉਸ ਤਸੱਲੀ ਨੂੰ ਜਾਣਦੇ ਹੋਵੇ, ਜੋ ਹਿਰਦੇ ਵਿੱਚ ਬਲ ਰਹੀ ਹੈ! "ਅੱਗੇ ਆਓ ਅਤੇ ਮੈਂ ਤੁਹਾਨੂੰ ਦੱਸਾਂਗਾ ਕਿ ਤੁਸੀਂ ਅੰਤ ਦੇਦਿਨਾਂ ਵਿੱਚ ਕਿਥੇ ਹੋਵੋਗੇ"।ਅਤੇ ਮੈਂ ਉਹੀ ਲਿਖਤਾਂ ਨੂੰ ਲੈ ਸਕਦਾ ਹਾਂ ਅਤੇ ਨਕਸੇ ਨੂੰ ਲੈ ਸਕਦਾ ਹਾਂ ਜਿਥੇ ਅੱਜ ਯਹੂਦੀ ਬੈਠੇ ਹੋਏ ਹਨ ਅਤੇ ਤੁਹਾਨੂੰ ਸਾਬਤ ਕਰ ਕੇ ਦੱਸ ਸਕਦਾ ਹਾਂ ਕਿ ਉਹ ਬਿਲਕੁਲ ਉਸੇ ਹੀ ਸਥਾਨ ਉੱਤੇ ਹਨ ਜਿਥੇ ਯਕੂਬ ਨੇ ਕਿਹਾ ਸੀ ਕਿ ਉਹ ਅੰਤ ਦੇ ਦਿਨ ਵਿੱਚ ਹੋਣਗੇ। ਅਤੇ ਉਹ ਕਦੇ ਵੀ ਉਸ ਜਗਾ ਤੇ ਨਹੀਂ ਸਨ, ਉਹ ਉਸ ਸਥਾਨ ਤੇ ਜੱਦ ਤਕ ਕਿ 7 ਮਈ, 1946 ਤੱਕ ਉਹ ਵਾਪਸ ਨਹੀਂ ਪਰਤੇ, ਉਸ ਰਾਤ ਪ੍ਰਭੂ ਦਾ ਦੂਤ ਮੈਨੂੰ ਦਿੱਸਿਆ ਅਤੇ ਇਸ ਉਦੇਸ਼ ਬਾਰੇ ਦੱਸਿਆ। ਅਤੇ ਮੈਂ ਤੁਹਾਨੂੰ ਇਹ ਵਿਖਾ ਸਕਦਾ ਹਾਂ, ਜਦੋਂ ਉਹ ਨਵੀਂ ਧਰਤੀ ਵਿੱਚ ਵਾਪਸ ਪਰਤੇ, ਉਹ ਬਿਲਕੁਲ ਉਸੇ ਸਥਾਨ ਤੇ ਟਿੱਕੇ ਜਿਥੇ ਯਕੂਬ ਨੇ ਕਿਹਾ ਸੀ ਕਿ ਉਹ ਟਿਕਣਗੇ। ਅਤੇ ਉਹ ਅੱਜ ਵੀ ਉਥੇ ਹੀ ਟਿੱਕੇ ਹੋਏ ਹਨ। ਔਹ, ਔਹ, ਮੇਰੇ, ਔਹ, ਮੇਰੇ! ਅਸੀਂ ਸਾਰੇ, ਇੱਕ ਦਿਨ ਹੋਰ ਘਰ ਦੇ ਨੇੜੇ ਆ ਗਏ ਹਾਂ।

132 ਤੁਸੀਂ ਪਿਆਰੇ ਲੋਕ ਹੋ, ਤੁਸੀਂ ਬੀਮਾਰ ਹੋ, ਨਹੀਂ ਤਾਂ ਤੁਸੀਂ ਕੇਵਲ ਇਥੇ ਖੜੇ ਹੋਣ ਲਈ ਨਹੀਂ ਆਉਂਦੇ। ਮੈਂ ਤੁਹਾਡਾ ਭਰਾ ਹਾਂ। ਮੇਰੇ ਕੋਲ ਪਰਮੇਸ਼ੁਰ ਵਲੋਂ ਬਿਮਾਰਾਂ ਲਈ ਪ੍ਰਾਰਥਨਾ ਕਰਨ ਦਾ ਆਦੇਸ਼ ਹੈ। ਮੇਰੀ ਨਹੀਂ...ਇਹ ਨਹੀਂ ਕਿ ਮੇਰੇ ਕੋਲ ਚੰਗਾ ਕਰਨ ਦੀ ਸ਼ਕਤੀ ਹੈ, ਮੇਰੇ ਕੋਲ ਨਹੀਂ ਹੈ। ਪਰ ਮੇਰੇ ਕੋਲ ਪ੍ਰਾਰਥਨਾ ਦੀ ਸ਼ਕਤੀ ਹੈ। ਜਿਵੇਂ ਮੈਂ ਇਸ ਸਵੇਰ ਕਿਹਾ ਸੀ, ਦਾਉਦ

ਕੋਲ ਛੋਟੇ ਜਿਹੇ ਗੋਪੀਏ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਸੀ, ਪਰ ਉਸ ਨੇ ਕਿਹਾ, “ਮੈਂ ਜਾਣਦਾ ਹਾਂ ਕਿ ਜੱਦ ਪਰਮੇਸ਼ੁਰ ਦੀ ਸ਼ਕਤੀ ਇਸ ਤੇ ਆਵੇਗੀ ਤਾਂ ਇਹ ਕੀ ਕਰੇਗਾ” । ਸਮਝੇ? ਤੁਹਾਨੂੰ ਦੇਣ ਲਈ ਮੇਰੇ ਕੋਲ ਬੱਸ ਇੱਕ ਨਿੱਕੀ ਜਿਹੀ ਪ੍ਰਾਰਥਨਾ ਹੈ, ਅਤੇ ਤੁਹਾਡੇ ਉੱਤੇ ਰੱਖਣ ਲਈ ਹੱਥ ਹਨ, ਪਰ ਮੈਂ ਜਾਣਦਾ ਹਾਂ ਕਿ ਪਰਮੇਸ਼ੁਰ ਵਿੱਚ ਨਿਹਚਾ ਕੀ ਕਰ ਸਕਦੀ ਹੈ । ਇਸ ਨੇ ਹੋਰਾਂ ਲਈ ਕੀਤਾ ਹੈ, ਇਹ ਤੁਹਾਡੇ ਲਈ ਵੀ ਕਰੇਗਾ । ਜੱਦ ਤੁਸੀਂ ਉੱਪਰ ਆ ਰਹੇ ਹੋ ਤਾਂ ਹੁਣ ਇਹ ਨਿਹਚਾ ਕਰੋ, ਬੱਸ ਉਸ ਜਗਾ ਤੇ ਥੋੜਾ ਜਿਹਾ ਨੇੜੇ ਆ ਜਾਓ ।

133 ਹੁਣ, ਮੈਂ ਸੋਚ ਰਿਹਾ ਹਾਂ, ਕਿ ਇਸ ਨੂੰ ਜਲਦੀ ਕਰਣ ਲਈ, ਜੇ ਮੈਂ ਆਪਣੇ ਭਾਈ ਨੂੰ ਆਖਾਂ ਕਿ ਉਹ ਉਹਨਾਂ ਨੂੰ ਤੇਲ ਨਾਲ ਮਸਾ ਕਰੇ । ਭਾਈ ਨੇਵਿਲ, ਕੀ ਤੁਸੀਂ ਇਹ ਕਰੋਗੇ? ਮੈਂ ਕਲੀਸਿਯਾ ਨੂੰ ਆਖਦਾ ਹਾਂ ਕਿ ਉਹ ਕਿ ਉਹ ਪ੍ਰਾਰਥਨਾ ਦੇ ਲਈ ਝੁੱਕਣ ।

134 ਹੁਣ ਯਾਦ ਕਰੋ, ਪਿਛਲੇ ਹਫਤੇ ਮੈਂ ਉਸ ਪੁਰਾਣੇ ਤੇਲ ਨਾਲ ਬਹੁਤ ਬੀਮਾਰ ਹੋ ਗਿਆ ਸੀ, ਜੇ ਉਸ ਵਕਤ ਕੋਈ ਆ ਕੇ ਮੇਰੇ ਉੱਤੇ ਪ੍ਰਾਰਥਨਾ ਕਰਦਾ ਅਤੇ ਮੇਰੇ ਉੱਤੇ ਹੱਥ ਰਖਦਾ ਤਾਂ ਮੈਂ ਉਸ ਨੂੰ ਕੁਝ ਵੀ ਦੇ ਦਿੰਦਾ । ਜੇ ਮੇਰੇ ਕੋਲ ਕੋਈ ਆ ਸਕਦਾ, ਜਿਸ ਨੂੰ ਪਰਮੇਸ਼ੁਰ ਨੇ ਬਰਕਤ ਦਿੱਤੀ ਹੈ ਅਤੇ ਸਹਾਇਤਾ ਕੀਤੀ ਹੈ, ਤਾਂ ਮੈਂ ਉਸ ਦੀ ਬਹੁਤ ਸਰਾਹਣਾ ਕਰਦਾ । ਹੁਣ ਤੁਸੀਂ ਸਾਰੇ ਉਸੇ ਤਰਾਂ ਮਹਿਸੂਸ ਕਰ ਰਹੇ ਹੋ ਜਿਵੇਂ ਮੈਂ ਉਸ ਵੇਲੇ ਕਰ ਰਿਹਾ ਸੀ । ਤੁਸੀਂ ਹੁਣ ਮਹਿਸੂਸ ਕਰ ਰਹੇ ਹੋ ਕਿ ਮੈਂ ਉਸੇ ਤਰਾਂ ਕਰਾਂ ਜਿਵੇਂ ਮੈਂ ਉਸ ਵੇਲੇ ਚਾਹ ਰਿਹਾ ਸੀ ਕਿ ਕੋਈ ਮੇਰੇ ਲਈ ਕਰੇ । ਪਰਮੇਸ਼ੁਰ ਅਜਿਹਾ ਨਾ ਹੋਣ ਦਵੇ ਕਿ ਮੈਂ ਕਦੇ ਵੀ ਆਪਣੇ ਫਰਜ਼ ਤੋਂ ਭੱਜਾਂ । ਹੋਣ ਦੇ ਕਿ ਮੈਂ ਹਮੇਸ਼ਾ, ਭਾਵੇਂ ਮੈਂ ਥੱਕਿਆ ਹੋਵਾਂ, ਭਾਵੇਂ ਮੈਂ ਹੁੱਸਿਆ ਹੋਵਾਂ, ਕਿ ਭਾਵੇਂ ਮੈਂ ਇੱਕ ਕਦਮ ਤੋਂ ਦੂਸਰਾ ਕਦਮ ਮੁਸ਼ਕਿਲ ਨਾਲ ਹੀ ਚੁੱਕ ਸਕਦਾ ਹੋਵਾਂ, ਮੈਂਨੂੰ ਜਾਣ ਦਿਓ, ਕਿਉਂਕਿ ਮੈਂ ਤੁਹਾਡੇ ਵਿਚੋਂ ਹਰੇਕ ਨੂੰ ਦੁਬਾਰਾ ਮਿਲਣ ਜਾ ਰਿਹਾ ਹਾਂ, ਉਥੇ ਉਸ ਧਰਤੀ ਵਿੱਚ ਜੋ ਉਸ ਪਾਰ ਹੈ ।

135 ਫਿਰ ਤੁਸੀਂ ਬਜੁਰਗ ਔਰਤਾਂ, ਬਜੁਰਗ ਆਦਮੀ, ਟੁੱਟੇ ਹੋਏ, ਵਾਲ ਚਿੱਟੇ ਹੋ ਗਏ ਹਨ ਅਤੇ ਝੜ ਰਹੇ ਹਨ, ਅਤੇ ਉਸ ਗੁਲਾਬ ਵਾਂਗ ਛੋਟੇ ਟੁਕੜਿਆਂ ਵਿੱਚ ਝੜ ਰਹੇ ਹੋ ਜਿਹੜਾ ਆਪਣੀ ਛੋਟੀ ਜਿਹੀ ਕੁੰਬਲੀ ਨੂੰ ਖੋਲਦਾ ਹੈ, ਜਿਸ ਦੀਆਂ ਪੰਖੜੀਆਂ ਝੜ ਗਈਆਂ ਅਤੇ ਡਿੱਗ ਰਹੀਆਂ ਹਨ, ਤੁਸੀਂ ਬੱਸ ਟੁੱਕੜੇ-ਟੁੱਕੜੇ ਹੋ ਰਹੇ ਹੋ, ਕੀ ਤੁਸੀਂ ਨਹੀਂ ਹੋ ਰਹੇ? ਇਹ ਸਹੀ ਹੈ । ਬੱਸ...ਅਤੇ ਇੱਕ ਹੀ ਚੀਜ ਹੈ ਜਿਸ ਲਈ ਤੁਸੀਂ ਇੱਕਠੇ ਰਹਿਣਾ ਚਾਹੁੰਦੇ ਹੋ, ਉਹ ਹੈ ਪਰਮੇਸ਼ੁਰ

ਦੇ ਮਹਿਮਾ ਦੇ ਲਈ ਚਮਕਣ ਵਾਸਤੇ । ਇਸ ਲਈ ਵੈਰੀ ਨੇ ਤੁਹਾਨੂੰ ਫੜ ਲਿਆ ਹੈ ਅਤੇ ਭੱਜ ਰਿਹਾ ਹੈ, ਮੈਂ ਪਰਮੇਸ਼ੁਰ ਦੇ ਗੋਪੀਏ ਨਾਲ ਆ ਰਿਹਾ ਹਾਂ, ਇੱਕ ਵਿਸ਼ਵਾਸ ਦੇ ਨਾਲ, ਇੱਕ ਦਾਨ ਦੇ ਨਾਲ ਜਿਹੜਾ ਪਰਮੇਸ਼ੁਰ ਨੇ ਮੈਨੂੰ ਦਿੱਤਾ ਹੈ । ਮੈਂ ਜੋ ਕਿਹਾ ਹੈ, ਉਹ ਇਸ ਲਈ ਕਿ ਤੁਸੀਂ ਇਸ ਨੂੰ ਸਮਝ ਜਾਓ । ਮੈਂ ਕਿਹਾ, “ਜੇ ਪਤਰਸ ਇਥੇ ਆਇਆ ਹੁੰਦਾ ਜਾਂ ਉਹਨਾਂ ਵਿਚੋਂ ਕੋਈ” । ਇਹ ਨਾ ਆਖੋ । ਤੁਹਾਨੂੰ ਮੇਰੇ ਲਈ ਪ੍ਰਾਰਥਨਾ ਨਹੀਂ ਕਰਨੀ ਪਵੇਗੀ । ਬੱਸ ਇਸ ਤਰਾਂ ਅੰਦਰ ਆਓ, ਅਤੇ ਕਹੋ, ਜਿਵੇਂ ਇਸ ਔਰਤ ਨੂੰ ਕਹੋ, “ਕੀ ਤੂੰ *ਫਲਾਣੀ-ਫਲਾਣੀ* ਭੈਣ ਹੈ?” ਤੁਹਾਡਾ ਕੀ ਨਾਮ ਹੈ? ਭੈਣ ਹਾਵਰਡ । ਆਖੋ, “ਤੁਸੀਂ ਭੈਣ ਹਾਵਰਡ ਹੋ । ਤੁਸੀਂ ਇੱਕ ਵਿਸ਼ਵਾਸੀ ਹੋ, ਭੈਣ ਹਾਵਰਡ? ਤੁਸੀਂ ਵਿਸ਼ਵਾਸ ਕਰਦੇ ਹੋ । ਤੁਸੀਂ ਇੱਕ ਵਿਸ਼ਵਾਸੀ ਹੋ । ਫਿਰ, ਤੁਸੀਂ ਵੇਖੋ, ਤੁਹਾਡੇ ਕੋਲ ਛੁਟਕਾਰੇ ਦੀਆਂ ਸਾਰੀਆਂ ਬਰਕਤਾਂ ਉੱਤੇ ਅਧਿਕਾਰ ਹੈ” । ਫਿਰ ਮੈਂ ਕਹਾਂਗਾ, “ਭੈਣ, ਹਾਵਰਡ, ਸਭ ਕੁਝ ਠੀਕ ਹੋ ਜਾਵੇਗਾ,” ਅਤੇ ਚਲਾ ਜਾਵਾਂ । ਔਹ, ਕਿਵੇਂ...ਮੈਂ ਕਿਹਾ, “ਮੈਂ ਚਿਲਾਵਾਂਗਾ, ਮੈਂ ਰੋਲਾ ਪਾਵਾਂਗਾ”। ਮੈਂ ਆਖਾਂਗਾ, “ਪ੍ਰਭੂ, ਇਹ ਹੋਣਾ ਹੀ ਹੈ । ਇਹ ਹੋਣਾ ਹੀ ਹੈ” ।

136 ਅਤੇ ਮੈਂ ਸੋਚਿਆ, “ਅੱਛਾ, ਲੋਕ ਇਹ ਹੀ ਗਲ ਸੋਚਦੇ ਹਨ ਜਦ ਮੈਂ ਉਹਨਾਂ ਲਈ ਪ੍ਰਾਰਥਨਾ ਕਰਨ ਲਈ ਆਉਂਦਾ ਹਾਂ” । ਸੋ ਇਹੀ ਕੁਝ ਹੈ । ਤੁਸੀਂ ਸਮਝੇ ਮੇਰਾ ਕੀ ਮਤਲਬ ਹੈ?

137 ਅਤੇ ਮੈਂ ਬਹੁਤ ਵਾਰ ਖੜਾ ਹੋਇਆ ਹਾਂ ਅਤੇ ਲੋਕਾਂ ਨੂੰ ਲਿਆ ਹੈ ਅਤੇ ਕਿਹਾ, “ਔਹ, ਬੇਸ਼ਕੀਮਤੀ ਭੈਣ, ਕੀ ਤੂੰ ਇਸ ਤੇ ਵਿਸ਼ਵਾਸ ਕਰੇਂਗੀ? ਔਹ, ਕੀ ਤੂੰ ਇਸ ਤੇ ਵਿਸ਼ਵਾਸ ਕਰੇਂਗੀ?” “ਪ੍ਰਭੂ, ਹੇ ਪਰਮੇਸ਼ੁਰ, ਉਹਨਾਂ ਨੂੰ ਇਸ ਦੇ ਵਿਸ਼ਵਾਸੀ ਬਣਾ । ਉਹਨਾਂ ਨੂੰ ਇਹਦੇ ਤੇ ਵਿਸ਼ਵਾਸ ਕਰਨ ਵਾਲੇ ਬਣਾ” । “ਔਹ, ਕਿਰਪਾ ਕਰਕੇ, ਕੀ ਹੁਣ ਤੁਸੀਂ ਇਸ ਨੂੰ ਸਵੀਕਾਰ ਕਰੋਗੇ?” ਇਹ ਇਸ ਤਰਾਂ ਨਹੀਂ ਹੈ । ਮੈਂ ਇਸ ਨੂੰ ਛੱਡ ਦਿੱਤਾ ਹੈ । ਮੈਂ ਇਸ ਤੋਂ ਦੂਰ ਹੋ ਗਿਆ ।

ਮੈਂ ਬੱਸ ਇਹ ਕਹਾਂਗਾ, “ਭੈਣ ਹਾਵਰਡ, ਤੂੰ ਇੱਕ ਵਿਸ਼ਵਾਸੀ ਹੈਂ?”

“ਹਾਂ, ਮੈਂ ਹਾਂ” ।

138 “ਸਭ ਠੀਕ ਹੈ, ਭੈਣ ਹਾਵਰਡ, ਜੇ ਤੁਸੀਂ ਇੱਕ ਵਿਸ਼ਵਾਸੀ ਹੋ, ਤਾਂ ਤੁਸੀਂ ਉਸ ਹਰੇਕ ਚੀਜ ਦੇ ਵਾਰਿਸ ਹੋ ਜਿਹੜੀ ਪਰਮੇਸ਼ੁਰ ਦੇ ਕੋਲ ਹੈ”। ਅਤੇ ਬੱਸ ਉਸ ਦੇ ਹੱਥ ਨੂੰ ਲਵਾਂਗਾ । ਵੇਖੋ, ਮੈਂ ਇਹ ਵਿਸ਼ਵਾਸ ਕਰਦਾ ਹਾਂ । ਮੈਂ ਭੈਣ ਹਾਵਰਡ ਤੇ ਆਪਣੇ ਹੱਥਾਂ ਨੂੰ ਰੱਖ ਕੇ ਉਸ ਨਾਲ ਸੰਪਰਕ ਕਰਾਂਗਾ । ਯਿਸੂ ਨੇ ਕਦੇ ਵੀ ਇਹ ਨਹੀਂ ਕਿਹਾ, “ਉਹਨਾਂ ਲਈ ਪ੍ਰਾਰਥਨਾ ਕਰੋ,” ਉਸ ਨੇ ਕਿਹਾ,

"ਬੱਸ ਆਪਣੇ ਹੱਥਾਂ ਨੂੰ ਉਹਨਾਂ ਦੇ ਉੱਤੇ ਰਖੋ" । ਇਹੀ ਹੈ, ਤਾਂ ਉਹ ਚੰਗੀ ਹੋ ਜਾਵੇਗੀ । ਉਹ ਕਹਿ ਸਕੇਗੀ, "ਸਭ ਕੁਝ ਠੀਕ ਹੋ ਜਾਵੇਗਾ," ਭੈਣ ਹਾਵਰਡ । ਤਾਂ ਫਿਰ ਤੁਸੀਂ ਘਰ ਜਾ ਸਕਦੇ ਹੋ ਅਤੇ ਚੰਗੇ ਹੋ ਸਕਦੇ ਹੋ । ਪਰਮੇਸ਼ੁਰ ਤੁਹਾਨੂੰ ਬਰਕਤ ਦਵੇ ।

139 ਤੁਸੀਂ ਹੋ ਭੈਣ...[ਭੈਣ ਕਹਿੰਦੀ ਹੈ, "ਹੈਂਪਟਨ"—ਸੰਪਾਦਕ] ਭੈਣ ਹੈਂਪਟਨ, ਤੁਸੀਂ ਇੱਕ ਵਿਸ਼ਵਾਸੀ ਹੋ, ਕੀ ਤੁਸੀਂ ਨਹੀਂ ਹੋ? ["ਮੈਂ ਹਾਂ" ।] ਤੁਸੀਂ ਉਸ ਹਰੇਕ ਚੀਜ ਦੇ ਅਧਿਕਾਰੀ ਹੋ ਜਿਹੜੀ ਪਰਮੇਸ਼ੁਰ ਨੇ ਦਿੱਤੀ ਹੈ । ਪਰਮੇਸ਼ੁਰ ਤੁਹਾਡੇ ਨਾਲ ਹੋਵੇ, ਭੈਣ ਹੈਂਪਟਨ। ਤੁਸੀਂ ਹੁਣ ਘਰ ਜਾਓ ਅਤੇ ਚੰਗੇ ਹੋ ਜਾਓ । ਯਿਸੂ ਮਸੀਹ ਤੁਹਾਨੂੰ ਚੰਗਾ ਕਰੇਗਾ ।

140 ਤੁਸੀਂ ਹੋ ਭੈਣ...[ਭੈਣ ਬੋਲਦੀ ਹੈ—ਸੰਪਾਦਕ] ਸਲਾਟਰ । ਇਹ...ਤੁਸੀਂ ਉਹੀ ਹੋ ਜਿਸ ਉੱਤੇ ਅਸੀਂ ਹਸਪਤਾਲ ਵਿੱਚ ਪ੍ਰਾਰਥਨਾ ਕੀਤੀ ਸੀ । ਤੁਸੀਂ ਇੱਕ ਵਿਸ਼ਵਾਸੀ ਹੋ, ਤਾਂ ਫਿਰ, ਭੈਣ ਸਲਾਟਰ, ਤੁਸੀਂ ਉਸ ਸਭ ਕੁਝ ਦੇ ਵਾਰਿਸ ਹੋ ਜੋ ਅਸੀਂ ਮੰਗਿਆ ਹੈ । ਭੈਣ ਸਲਾਟਰ, ਤੁਹਾਨੂੰ ਉਹੀ ਕੁਝ ਮਿਲ ਜਾਵੇ, ਜੋ ਤੁਸੀਂ ਮੰਗਿਆ ਹੈ, ਅਤੇ ਚੰਗੇ ਹੋ ਜਾਓ । ਪਰਮੇਸ਼ੁਰ ਤੁਹਾਨੂੰ ਇਹ ਦੇ ਦਵੇਗਾ ।

141 ਭਾਈ ਜ਼ੀਨ, ਕੀ ਤੁਸੀਂ ਨਿਹਚਾ ਕਰਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਦੇ ਦਵੇਗਾ? [ਭਾਈ ਜ਼ੀਨ ਆਖਦੇ ਹਨ, "ਹਾਂ, ਸ਼੍ਰੀ ਮਾਨ । ਹਾਂ, ਸ਼੍ਰੀ ਮਾਨ" ।—ਸੰਪਾਦਕ] ਅਤੇ ਜ਼ੀਨ, ਪਰਮੇਸ਼ੁਰ ਤੈਨੂੰ ਉਹੀ ਕੁਝ ਦੇ ਦਵੇ ਜੋ ਤੁਸੀਂ ਪ੍ਰਭੂ ਪਰਮੇਸ਼ੁਰ ਤੋਂ ਮੰਗਿਆ ਹੈ!...?...

142 ਮੈਂ ਤੁਹਾਨੂੰ ਜਾਣਦਾ ਹਾਂ । [ਭੈਣ ਬੋਲਦੀ ਹੈ—ਸੰਪਾਦਕ] ਤੁਸੀਂ ਇੱਕ ਵਿਸ਼ਵਾਸੀ ਹੋ, ਭੈਣ । ["ਔਹ, ਹਾਂ" ।] ਮੈਂ ਤੁਹਾਨੂੰ ਜਾਣਦਾ ਹਾਂ । ਇਹ ਤੁਹਾਡਾ ਪਤੀ ਹੈ । ਉਹ ਉਹੀ ਹੈ ਜਿਸ ਲਈ ਮੈਂ ਉਸ ਦਿਨ ਫ਼ੋਨ ਉੱਤੇ ਪ੍ਰਾਰਥਨਾ ਕੀਤੀ ਸੀ । ਮੈਨੂੰ ਇਹ ਹਮੇਸ਼ਾ ਯਾਦ ਰਹੇਗਾ । ਉਹ ਤੁਲਸਾ ਦੀਆਂ ਸਭਾਵਾਂ ਵਿੱਚ ਨਹੀਂ ਜਾ ਸਕਿਆ । ਸਭਾ ਵਿੱਚ ਆਇਆ । ਅਤੇ ਪਰਮੇਸ਼ੁਰ ਨੇ ਉਸ ਨੂੰ ਚੰਗਾ ਕੀਤਾ, ਉਸ ਨੂੰ ਸਭਾ ਵਿੱਚ ਭੇਜ ਦਿੱਤਾ । ਤੁਸੀਂ ਕਿਸੇ ਹੋਰ ਦੇ ਲਈ ਖੜੇ ਹੋ । ["ਮੇਰਾ ਭਤੀਜਾ" ।] ਭੈਣ, ਇਹ ਕਿੰਨੀ ਮਸੀਹੀ ਗਲ ਹੈ! ਵੇਖਿਆ? ਉਹ ਵੀਕਿਸੇ ਦੀ ਜਗਾ ਤੇ ਸੀ । ਉਹ ਸਾਡੇ ਸਭਨਾ ਦੇ ਲਈ ਖੜਾ ਹੋਇਆ । ਤੁਸੀਂ ਇੱਕ ਵਿਸ਼ਵਾਸੀ ਹੋ ਅਤੇ ਉਸ ਸਭ ਦੇ ਹੱਕਦਾਰ ਹੋ ਜਿਸ ਦਾ ਪਰਮੇਸ਼ੁਰ ਨੇ ਵਾਇਦਾ ਕੀਤਾ ਸੀ । ਮੈਂ ਉਸ ਦਾ ਦਾਸ ਹਾਂ । ਅਤੇ ਯਿਸੂ ਮਸੀਹ ਦੇ ਨਾਮ ਨਾਲ, ਮੈਂ ਤੈਨੂੰ ਉਹ ਦਿੰਦਾ ਹਨ ਜੋ ਤੂੰ ਮੰਗਿਆ ਹੈ । ["ਮੈਂ ਵਿਸ਼ਵਾਸ ਕਰਦੀ ਹਾਂ" ।]

143 ਆਓ, ਭਾਈ ਨੀਲ । ਪਰਮੇਸ਼ੁਰ ਤੁਹਾਨੂੰ ਬਰਕਤ ਦਵੇ । ਤੁਹਾਡੇ ਲਈ ਬਹੁਤ ਭਲਾ ਰਿਹਾ ਹੈ । ਤੁਸੀਂ ਇੱਕ ਵਿਸ਼ਵਾਸੀ ਹੋ । ਮੈਂ ਜਾਣਦਾ ਹਾਂ ਤੁਸੀਂ ਹੋ । ਮੈਂ ਵਿਸ਼ਵਾਸ ਕਰਦਾ ਹਾਂ ਕਿ ਪਰਮੇਸ਼ੁਰ ਤੈਨੂੰ ਉਹ ਸਭ ਕੁਝ ਦੇ ਦਵੇਗਾ ਜੋ ਤੁਸੀਂ ਮੰਗਿਆ ਹੈ, ਕਿਉਂਕਿ ਤੁਸੀਂ ਇੱਕ ਵਿਸ਼ਵਾਸੀ ਹੋ । ਅਤੇ ਤੁਹਾਡੇ ਲਈ, ਉਸ ਦਾ ਦਾਸ ਹੋਣ ਦੇ ਨਾਤੇ, ਮੇਰੇ ਭਾਈ, ਯਿਸੂ ਮਸੀਹ ਦੇ ਨਾਮ ਵਿੱਚ, ਮੈਂ ਤੁਹਾਨੂੰ ਤੁਹਾਡੇ ਹਿਰਦੇ ਦੀ ਇੱਛਾ ਦਿੰਦਾ ਹਾਂ । ਜਾਓ ਅਤੇ ਇਸ ਨੂੰ ਪ੍ਰਾਪਤ ਕਰੋ । ਪਰਮੇਸ਼ੁਰ ਤੁਹਾਨੂੰ ਬਰਕਤ ਦਵੇ ।

144 ਭੈਣ ਬਰੂਸ, ਮੈਂ ਤੁਹਾਨੂੰ ਜਾਣਦਾ ਹਾਂ । ਉਹ ਛੋਟੀ ਨਰਸ ਤੁਹਾਨੂੰ ਜਾਣਦੀ ਸੀ ਜਿਸ ਨੇ ਮੇਰੀ ਪਿੱਠ ਮਲੀ ਸੀ । ਉਹ ਉਥੇ ਮੋਟਲ ਜੇ ਜੇ, ਟਵਿਨ ਜੇ, ਜਾਂ ਇਸ ਤਰਾਂ ਦੇ ਕਿਸੇ ਸਥਾਨ ਤੇ ਰਹਿੰਦੀ ਹੈ । ਤੁਸੀਂ ਦੂਸਰਿਆਂ ਲਈ ਖੜੇ ਹੋਵੋਗੇ । ਅਤੇ ਅੱਜ ਰਾਤ ਤੁਹਾਡੇ ਪਿੱਤਾ ਕੋਲੋਂ ਤੁਹਾਡੀ ਕੀ ਇੱਛਾ ਹੈ? [ਬਹਿਣ ਬਰੂਸ ਕਹਿੰਦੀ ਹੈ, "ਅੱਜ ਰਾਤ, ਮੇਰੇ ਲਈ" ।—ਸੰਪਾਦਕ] ਅੱਜ ਰਾਤ, ਤੁਹਾਡੇ ਲਈ । [ਭੈਣ ਬਰੂਸ ਫਿਰ ਬੋਲਦੀ ਹੈ ।] ਤਦ, ਵੈਰੀ ਨੇ ਤੁਹਾਨੂੰ ਝਟਕਾ ਮਾਰ ਕੇ ਡਾਕਟਰ ਦੀ ਪਹੁੰਚ ਤੋਂ ਦੂਰ ਕਰ ਦਿਤਾ ਹੈ, ਪਰ ਮੈਂ ਤੁਹਾਡੇ ਪਿੱਛੇ ਇੱਕ ਗੋਪੀਆ ਲੈ ਕੇ ਆ ਰਿਹਾ ਹਾਂ । ਅਤੇ ਯਿਸੂ ਮਸੀਹ ਦੇ ਨਾਮ ਵਿੱਚ, ਗੋਪੀਏ ਦਾ ਨਿਸ਼ਾਨਾ ਉਸ ਪੱਥਰੀ ਤੇ ਲਗਾਉਂਦਾ ਹਾਂ ਜਿਸਨੇ ਤੁਹਾਡੇ ਗੁਰਦਿਆਂ ਨੂੰ ਬਲਾੱਕ ਕੀਤਾ ਹੋਇਆ ਹੈ । ਇਹ ਤੁਹਾਨੂੰ ਵਾਪਸ ਪਰਮੇਸ਼ੁਰ ਕੋਲ, ਉਸ ਦੇ ਘਰ ਵਿੱਚ ਲੈ ਕੇ ਆਵੇਗਾ ।

ਅਸੀਂ ਤੁਹਾਨੂੰ ਯਿਸੂ ਮਸੀਹ ਦੇ ਨਾਮ ਵਿੱਚ ਮੰਗਿਆ ਹੈ । ਆਮੀਨ ।

145 ਸ਼੍ਰੀ ਮਾਨ, ਕੀ ਤੁਸੀਂ ਇਸ ਆਦਮੀ ਦੇ ਪਿਤਾ ਹੋ? ਕੀ ਤੁਸੀਂ ਇੱਕ ਵਿਸ਼ਵਾਸੀ ਹੋ? [ਭਾਈ ਬੋਲਦਾ ਹੈ—ਸੰਪਾਦਕ] ਤੁਹਾਡੇ ਇੱਕ ਪਾਸੇ ਹਰਨੀਆਂ ਹੈ; ਹੇਠਾਂ, ਅਤੇ ਤੁਹਾਡੇ ਖੱਬੇ ਪਾਸੇ । ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਇਸ ਨੂੰ ਤੁਹਾਨੂੰ ਦੇ ਦਵੇਗਾ, ਸ਼੍ਰੀਮਾਨ, ਅਤੇ ਉਸ ਦਾ ਸੇਵਕ ਹੋਣ ਦੇ ਨਾਤੇ?

146 ਪ੍ਰਭੂ, ਇਸ ਹੱਥ ਨੇ ਸ਼ਾਇਦ ਦਿਨ ਦੇ ਬਹੁਤ ਸਾਰੇ ਸਖ਼ਤ ਕੰਮ ਕੀਤੇ ਹੋਣ । ਉਹ ਇਥੇ ਇੱਕ ਮਕਸਦ ਲਈ, ਕੁਝ ਕਰਨ ਦੇ ਲਈ ਆਇਆ ਹੈ । ਪਿਤਾ, ਉਸ ਦੇ ਹਿਰਦੇ ਦੇ ਇੱਛਾ ਨੂੰ ਦੇ ਦਿਓ, ਜਿਵੇਂ ਮੈਂ ਯਿਸੂ ਨਾਮ ਵਿੱਚ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਕਰੋਗੇ । ਆਮੀਨ ।

147 ਸ਼ੱਕ ਨਾ ਕਰੋ । ਇਹ ਹਰਨੀਆ ਹੁਣ ਤੁਹਾਨੂੰ ਕਸ਼ਟ ਦੇਣਾ ਬੰਦ ਕਰ ਦਵੇਗਾ ਅਤੇ ਤੁਸੀਂ ਠੀਕ ਹੋ ਜਾਉਗੇ । ਪਰਮੇਸ਼ੁਰ ਤੈਨੂੰ ਬਰਕਤ ਦੇਵੇ ਭਾਈ ।

148 [ਇੱਕ ਭੈਣ ਕਹਿੰਦੀ ਹੈ, “ਮੇਰੇ ਸਿਰ ਅਤੇ ਗਲੇ ਵਿੱਚ ਪੀੜ ਹੁੰਦੀ ਹੈ। ਜੱਦ ਮੈਂ ਖੰਘਦੀ ਹਾਂ ਤਾਂ ਮੇਰੀਆਂ ਪਸਲੀਆਂ ਵਿੱਚ ਪੀੜ ਹੁੰਦੀ ਹੈ। ਮੈਂ ਗਾ ਨਹੀਂ ਸਕਦੀ। ਮੈਂ ਕੁਝ ਵੀ ਨਹੀਂ ਕਰ ਸਕਦੀ। ਮੈਂ...?...ਅਤੇ ਮੈਂ ਜਿਆਦਾ ਸੌਂ ਨਹੀਂ ਸਕਦੀ। ਕੁਝ ਵੀ ਨਹੀਂ ਕਰ ਸਕਦੀ”।—ਸੰਪਾਦਕ] ਤੁਸੀਂ ਇੱਕ ਵਿਸ਼ਵਾਸੀ ਹੋ, ਕੀ ਤੁਸੀਂ ਨਹੀਂ ਹੋ? [“ਮੈਂ ਹਾਂ। ਮੈਂ ਪਵਿੱਤਰ ਆਤਮਾ ਨਾਲ ਭਰੀ ਹੋਈ ਹਾਂ”।ਤੁਸੀਂ ਇੱਕ ਵਿਸ਼ਵਾਸੀ ਹੋ। [“ਮੈਂ ਜਾਣਦੀ ਹਾਂ ਕਿ ਪਰਮੇਸ਼ੁਰ ਅੰਦਰ ਰਹਿੰਦਾ ਹੈ”।] ਅਤੇ ਤੁਸੀਂ ਇਹਨਾਂ ਸਾਰੀਆਂ ਬਰਕਤਾਂ ਦੇ ਵਾਰਿਸ਼ ਹੋ। [“ਮੈਂ ਜਾਣਦੀ ਹਾਂ। ਅਤੇ ਮੈਂ ਵਿਸ਼ਵਾਸ ਕਰਦੀ ਹਾਂ। ਮੈਂ ਤੁਹਾਡੀਆਂ ਪ੍ਰਾਰਥਨਾਵਾਂ ਤੇ ਵਿਸ਼ਵਾਸ ਕਰਦੀ ਹਾਂ, ਭਾਈ ਬ੍ਰਾਨਹਾਮ। ਮੈਂ ਵਿਸ਼ਵਾਸ ਕਰਦੀ ਹਾਂ ਕਿ ਪਰਮੇਸ਼ੁਰ ਮੈਨੂੰ ਚੰਗਾ ਕਰੇਗਾ। ਮੈਂ ਵਿਸ਼ਵਾਸ ਕਰਦੀ ਹਾਂ ਕਿ ਉਹ ਤੁਹਾਡੀਆਂ ਪ੍ਰਾਰਥਨਾਵਾਂ ਦਾ ਉੱਤਰ ਦਿੰਦਾ ਹੈ”।] ਤੁਹਾਡਾ ਧੰਨਵਾਦ।

149 ਪਿਤਾ, ਮੈਂ ਆਪਣੀ ਭੈਣ ਨੂੰ, ਅੱਗ ਦੀ ਕਤਾਰ ਵਿੱਚ, ਨਿਸ਼ਾਨੇ ਦੇ ਵਿਚਕਾਰ ਲੈ ਕੇ ਆਉਂਦਾ ਹਾਂ। ਅਤੇ ਮੈਂ ਉਸ ਨੂੰ ਸ਼ਤਾਨ ਦੀਆਂ ਪੰਜਿਆਂ ਤੋਂ ਛੁਡਾ ਕੇ, ਯਿਸੂ ਮਸੀਹ ਦੇ ਨਾਮ ਵਿੱਚ, ਤੁਹਾਡੇ ਕੋਲ ਵਾਪਸ ਲੈ ਕੇ ਆਉਂਦਾ ਹਾਂ। ਆਮੀਨ।

150 ਇਸੇ ਤਰਾਂ ਹੋਵੇਗਾ। [ਭੈਣ ਕਹਿੰਦੀ ਹੈ, “ਹਾਂ, ਭਾਈ ਬ੍ਰਾਨਹਾਮ”।—ਸੰਪਾਦਕ]

151 [ਇੱਕ ਭੈਣ ਕਹਿੰਦੀ ਹੈ, “...?...ਮੇਰਾ ਇੱਕ ਫੇਫੜਾ ਖਰਾਬ ਹੋ ਰਿਹਾ ਸੀ ਅਤੇ ਇੱਕ ਖਰਾਬ ਹੋ ਗਿਆ ਸੀ”—ਸੰਪਾਦਕ] ਇੱਕ ਫੇਫੜੇ ਦਾ ਆਪ੍ਰੇਸ਼ਨ।

152 ਹੇ ਪ੍ਰਭੂ, ਜਿਵੇਂ ਇਹ ਜਵਾਨ ਔਰਤ ਇਥੇ ਖੜੀ ਹੈ, ਉਹ ਅਜੇ ਜਵਾਨੀ ਵਿੱਚ ਹੀ ਹੈ, ਮੈਂ ਉਸ ਲਈ ਪ੍ਰਾਰਥਨਾ ਕਰਦਾ ਹਾਂ। ਅਤੇ ਇਕ ਫੇਫੜਾ ਜਿਹੜਾ ਕਢਣਾ ਪਵੇਗਾ, ਅਤੇ ਉਹ ਆਪਣੀ ਬਾਕੀ ਰਹਿੰਦੀ ਜਿੰਦਗੀ ਵਿੱਚ, ਝੁੱਕ ਜਾਵੇਗੀ। ਤੂੰ ਸਾਡਾ ਪਿਤਾ ਹੈਂ, ਅਤੇ ਮੈਂ ਪ੍ਰਾਰਥਨਾ ਦੀ ਅੱਗ ਦਾ ਨਿਸ਼ਾਨਾ ਉਸ ਤੇ ਲੱਗਾਉਂਦਾ ਹਾਂ, ਪ੍ਰਭੂ, ਸਿੱਧਾ ਉਸ ਫੇਫੜੇ ਉੱਤੇ। ਮੈਂ ਇਹ ਪ੍ਰਾਰਥਨਾ ਪਭੂ ਯਿਸੂ ਮਸੀਹ ਦੇ ਨਾਮ ਵਿੱਚ ਭੇਜਦਾ ਹਾਂ। ਹੋਣ ਦੇ ਕਿ ਇਹ ਉਸ ਫੇਫੜੇ ਤੇ ਪਵੇ ਅਤੇ ਇਸ ਨੂੰ ਚੰਗਾ ਕਰੇ। ਯਿਸੂ ਮਸੀਹ ਦੇ ਨਾਮ ਵਿੱਚ, ਮੈਂ ਇਹ ਮੰਗਦਾ ਹਾਂ। ਆਮੀਨ।

153 ਤੁਸੀਂ ਹੋ ਭੈਣ...[ਭੈਣ ਕਹਿੰਦੀ ਹੈ, “ਭੈਣ ਗਿੱਬਸ”।—ਸੰਪਾਦਕ] ਭੈਣ ਗਿੱਬਸ। [“ਠੀਕ ਸਿਰ ਵਿੱਚ, ਅਤੇ ਇਸ ਵਿੱਚ ਪੀੜ ਹੁੰਦੀ ਹੈ”।] ਬਿਲਕੁਲ। ਤੁਹਾਡਾ ਸਿਰ ਮੇਰੇ ਵਲੋਂ ਮੁਰਝਾਇਆ ਹੋਇਆ ਹੈ। ਤੁਸੀਂ ਇੱਕ ਵਿਸ਼ਵਾਸੀ ਹੋ ਅਤੇ ਪਰਮੇਸ਼ੁਰ ਦੀਆਂ ਸਾਰੀਆਂ ਬਰਕਤਾਂ ਦੇ ਵਾਰਿਸ ਹੋ, ਭੈਣ ਗਿੱਬਸ।

154 ਪ੍ਰਭੂ, ਮੈਂ ਇਸ ਨੂੰ ਤੇਰੇ ਕੋਲ ਲਿਆਉਂਦਾ ਹਾਂ, ਇਸ ਛੋਟੇ ਗੋਪੀਏ ਨਾਲ ਜਿਹੜਾ ਤੂੰ ਮੈਨੂੰ ਦਿੱਤਾ ਹੈ, ਜਿਵੇਂ ਤੂੰ ਦਾਊਦ ਨੂੰ ਇੱਕ ਗੋਪੀਆ ਦਿੱਤਾ ਸੀ, ਤਾਂ ਜੋ ਉਹ ਆਪਣੇ ਪਿਤਾ ਦੀਆਂ ਭੇਡਾਂ ਦੀ ਰਾਖੀ ਕਰੇ । ਅਤੇ ਜੇ ਵੈਰੀ ਭੇਡ ਦੀ ਪਿਛੇ ਆਵੇ, ਤਾਂ ਉਹ ਡਰਦਾ ਨਹੀਂ ਸੀ । ਉਸ ਨੇ ਉਸ ਛੋਟੇ ਗੋਪੀਏ ਨੂੰ ਲਿਆ ਅਤੇ ਸਿਧਾ ਸ਼ੇਰਾਂ ਅਤੇ—ਅਤੇ ਭਾਲੂਆਂ ਦੇ ਪਿਛੇ ਗਿਆ, ਅਤੇ ਉਹ ਭੇਡ ਨੂੰ ਵਾਪਸ ਲੈ ਆਇਆ । ਇਹ ਵਿਸ਼ਵਾਸ ਦੀ ਪ੍ਰਾਰਥਨਾ ਹੈ । ਤੂੰ ਮੈਨੂੰ ਦੱਸਿਆ ਕਿ ਜੇ ਮੈਂ "ਲੋਕਾਂ ਨੂੰ ਵਿਸ਼ਵਾਸ ਵਿਸ਼ਵਾਸ ਕਰਾ ਦਿਆਂ ਅਤੇ ਇਮਾਨਦਾਰ ਬਣਿਆ ਰਹਾਂਗਾ" । ਮੈਂ ਭੈਣ ਗਰਟ ਨੂੰ ਅੱਜ ਰਾਤ ਵਾਪਸ ਲੈ ਕੇ ਆਉਂਦਾ ਹਾਂ । ਮੈਂ ਉਸ ਨੂੰ ਵੈਰੀ ਦੀਆਂ ਹੱਥਾਂ ਵਿਚੋਂ ਖੋਹੰਦਾ ਹਾਂ । ਉਹ ਤੇਰੀ ਭੇਡ ਹੈ । ਮੈਂ ਉਸ ਨੂੰ ਵਾਪਸ ਪਿਤਾ ਦੇ ਵਾੜੇ ਵਿੱਚ ਲੈ ਕੇ ਆਉਂਦਾ ਹਾਂ, ਯਿਸੂ ਮਸੀਹ ਦੇ ਨਾਮ ਵਿੱਚ । ਆਮੀਨ ।

155 [ਇੱਕ ਭੈਣ ਕਹਿੰਦੀ ਹੈ, "ਭੈਣ ਲੋ" ।—ਸੰਪਾਦਕ] ਭੈਣ ਲੋ । ["ਮੇਰਾ ਬਲੱਡ ਪ੍ਰੈਸ਼ਰਵੱਧਦਾ ਹੈ" ।] ਬਲੱਡ ਪ੍ਰੈਸ਼ਰ ਵੱਧਦਾ ਹੈ । ਅਤੇ ਤੁਸੀਂ ਇੱਕ ਵਿਸ਼ਵਾਸੀ ਹੋ, ਕੀ ਤੁਸੀਂ, ਭੈਣ ਲੋ ਹੋ? ਸਾਰੀਆਂ ਬਰਕਤਾਂ ਦੇ ਵਾਰਿਸ।

156 ਤਾਂ, ਪਿਤਾ ਪਰਮੇਸ਼ੁਰ, ਮੈਂ ਅੱਜ ਰਾਤ ਇਸ ਪ੍ਰਾਰਥਨਾ ਦਾ ਨਿਸ਼ਾਨਾ, ਪਰਮੇਸ਼ੁਰ ਦੇ ਗੋਪੀਏ ਤੋਂ, ਭੈਣ ਲੋ ਦੇ ਵੱਧਦੇ ਬਲੱਡ ਪ੍ਰੈਸ਼ਰ ਤੇ ਲਗਾਉਂਦਾ ਹਾਂ । ਅਤੇ ਇਹ ਹੋਣ ਦੇ ਕਿ ਜੱਦ ਅਗਲੀ ਵਾਰ ਡਾਕਟਰ ਉਸ ਦੇ ਬਲੱਡ ਪ੍ਰੈਸ਼ਰ ਦੀ ਜਾਂਚ ਕਰੇ, ਉਹ ਉਸ ਵਲ ਵੇਖੇ ਅਤੇ ਕਹੇ, "ਹੁਣ ਇਹ ਠੀਕ ਹੈ" । ਉਹ ਜਾਣ ਲਵੇਗੀ ਕਿ ਇਹ ਕਿਸ ਨੇ ਕੀਤਾ ਹੈ । ਯਿਸੂ ਮਸੀਹ ਦੇ ਨਾਮ ਵਿੱਚ, ਮੈਂ ਇਹ ਇਸ ਨੂੰ ਦਿੰਦਾ ਹਾਂ । ਆਮੀਨ ।

157 [ਇੱਕ ਭਰਾ ਭਾਈ ਬ੍ਰਾਨਹਾਮ ਨਾਲ ਗੱਲ ਕਰਦਾ ਹੈ—ਸੰਪਾਦਕ] ਹਾਂ । ਕਾਸ਼ ਮੇਰਾ ਪਿਤਾ ਅੱਜ ਰਾਤ ਇਥੇ ਹੁੰਦਾ, ਮੈਂ ਉਸ ਲਈ ਇਸ ਵੇਲੇ ਪ੍ਰਾਰਥਨਾ ਕਰਦਾ । ਮੈਂ ਤੁਹਾਡੇ ਲਈ ਵੀ ਕਰਾਂਗਾ । ਮੈਂ ਸਮਝਦਾ ਹਾਂ ।

158 ਸਵਰਗੀ ਪਿਤਾ, ਉਹ ਆਦਮੀ ਜਿਸ ਨੇ ਇਸ ਲੜਕੇ ਨੂੰ ਜਨਮ ਦਿੱਤਾ ਹੈ, ਉਹ ਇਸ ਧਰਤੀ ਉੱਤੇ ਉਸ ਦੇ ਕਰਕੇ ਹੀ ਹੈ । ਅਤੇ ਉਸ ਦਾ ਆਪਣਾ ਪੁੱਤ੍ਰ ਚਾਹੁੰਦਾ ਹੈ ਕਿ ਉਸ ਦੇ ਪਿਤਾ ਨੂੰ ਵਾਪਸ ਲਿਆਂਦਾ ਜਾਵੇ; ਜਿਹੜਾ ਪਾਪ ਦੇ ਸੰਸਾਰ ਵਿੱਚ ਦੂਰ ਚਲਾ ਗਿਆ ਹੈ, ਉਹ ਸ਼ਰਾਬੀ ਹੈ । ਹੇ ਪ੍ਰਭੂ, ਮੈਂ ਇਸ ਪ੍ਰਾਰਥਨਾ ਨੂੰ ਵਿਸ਼ਵਾਸ ਅਤੇ ਸਮਰਥ ਨਾਲ ਘੱਲਦਾ ਹਾਂ, ਅਤੇ ਉਸ ਸਭ ਨਾਲ ਜਿਸ ਨਾਲ ਮੈਂ ਇਸ ਛੋਟੇ ਪੱਥਰ ਨੂੰ ਸੁੱਟ ਸਕਦਾ ਹਾਂ, ਯਿਸੂ ਮਸੀਹ ਦੇ ਨਾਮ ਵਿੱਚ । ਮੈਂ ਇਸ ਨੂੰ ਉਸ ਦੁਸ਼ਟ ਤੇ ਮਾਰਦਾ ਹਾਂ ਜਿਸ ਨੇ ਉਸ ਨੂੰ

ਫੜਿਆ ਹੋਇਆ ਹੈ । ਅਤੇ ਇਹ ਉਸ ਨੂੰ ਛੱਡ ਜਾਵੇ । ਅਤੇ ਉਹ ਵਾੜੇ ਵਿੱਚ ਸੁਰੱਖਿਅਤ ਢੰਗ ਨਾਲ ਵਾਪਸ ਆ ਜਾਵੇ, ਯਿਸੂ ਦੇ ਨਾਮ ਵਿੱਚ । ਆਮੀਨ ।

159 [ਇੱਕ ਭਾਈ ਕਹਿੰਦਾ ਹੈ, "ਮੇਰੇ ਲਈ ਪ੍ਰਾਰਥਨਾ ਕਰੋ, ਭਾਈ ਬ੍ਰਾਨਹਾਮ, ਤਾਂ ਜੋ ਮੈਂ ਪਵਿੱਤਰ ਆਤਮਾ ਨੂੰ ਪਾਵਾਂ । ਮੈਂ ਪਵਿੱਤਰ ਆਤਮਾ ਨੂੰ ਪਾਉਣਾ ਚਾਹੁੰਦਾ ਹਾਂ । ਮੈਂ ਇਹ ਕਰਨਾ ਹੀ ਹੈ । ਮੇਰੀ ਇੱਕ ਇੱਛਾ ਹੈ । ਮੈਂ ਪਵਿੱਤਰ ਆਤਮਾ ਨੂੰ ਪ੍ਰਾਪਤ ਕਰਨਾ ਚਾਹੁੰਦਾ ਹਾਂ" ।] ਤੁਹਾਡੇ ਕੋਲ ਇਸ ਨੂੰ ਪਾਉਣ ਦੀ ਇੱਛਾ ਹੈ । ਤੁਸੀਂ ਉਸ ਧਰਤੀ ਵਿੱਚ ਆਉਣਾ ਚਾਹੁੰਦੇ ਹੋ ਜਿਥੇ ਸਾਰੇ ਵਾਇਦੇ ਹਨ । ["ਹਾਂ" ।]

160 ਅਤੇ ਹੁਣ, ਪ੍ਰਭੂ, ਇਹ ਲੜਕਾ ਨਦੀ ਦੇ ਉਸ ਪਾਸੇ ਹੈ, ਦੂਸਰੇ ਪਾਸੇ ਡੇਰਾ ਲਾਇਆ ਹੋਇਆ ਹੈ, ਅਤੇ ਯਰਦਨ ਠਾਠਾਂ ਮਾਰ ਰਹੀ ਹੈ । ਅਤੇ ਉਸ ਕੋਲ ਇਸ ਨੂੰ ਪਾਰ ਕਰਨ ਦਾ ਹੋਰ ਕੋਈ ਤਰੀਕਾ ਨਹੀਂ ਹੈ ਬਜਾਏ ਇਸਦੇ ਕਿ ਤੂੰ ਉਸ ਲਈ ਇੱਕ ਰਾਹ ਤਿਆਰ ਕਰੇਂ ਜਿਸ ਤਰਾਂ ਤੂੰ ਯਹੋਸ਼ੁਆ ਅਤੇ ਇਸਰਾਇਲ ਦੇ ਲਈ ਕੀਤਾ ਸੀ । ਅਤੇ, ਪਿਤਾ, ਮੈਂ ਤੇਰੇ ਤੋਂ ਮੰਗ ਰਿਹਾ ਹਾਂ, ਤੇਰਾ ਦਾਸ ਹੋਣ ਦੇ ਨਾਤੇ, ਹੇ ਪਰਮੇਸ਼ੁਰ, ਸਾਡੇ ਅਨਮੋਲ ਭਰਾ ਨੂੰ, ਇਸ ਵਾਇਦਾ ਕੀਤੀ ਹੋਈ ਧਰਤੀ ਵਿੱਚ ਪ੍ਰਵੇਸ਼ ਕਰਣ ਦਿਓ । ਦੂਸਰੇ ਪਾਸੇ, ਜਿਵੇਂ ਮੈਂ ਦੂਸਰੀ ਰਾਤ ਉਥੇ ਲਿਜਾਇਆ ਗਿਆ ਸੀ, ਹੋਣ ਦੇ ਕਿ ਮੈਨੂੰ ਇਹ ਭਾਗ ਪ੍ਰਾਪਤ ਹੋਵੇ ਕਿ ਮੈਂ ਆਪਣੀਆਂ ਬਾਹਾਂ ਉਸ ਦੇ ਦੁਆਲੇ ਪਾਵਾਂ, ਉਸ ਦੂਸਰੀ ਧਰਤੀ ਵਿੱਚ, ਇਹ ਕਹਿੰਦੇ ਹੋਏ, "ਮੇਰੇ ਅਨਮੋਲ ਭਾਈ" । ਇਹ ਬਖ਼ਸ਼ ਦੇ, ਪ੍ਰਭੂ । ਹੋਣ ਦੇ ਕਿ ਉਹ ਪਰਮੇਸ਼ੁਰ ਦੇ ਵਾਇਦੇ, ਪਵਿੱਤਰ ਆਤਮਾ ਨੂੰ ਪ੍ਰਾਪਤ ਕਰੇ । ਆਮੀਨ ।

161 ਹੇ ਪ੍ਰਭੂ, ਮੇਰੇ ਇਸ ਦਯਾਲੂ ਭਰਾ ਲਈ; ਇਹ ਹੱਥ ਜਿਹੜਾ ਮੇਰੇ ਲਈ ਭਲਾ ਰਿਹਾ ਹੈ, ਅਤੇ ਮੇਰੇ ਲਈ ਕਈ ਕੁਝ ਕੀਤਾ ਹੈ, ਜਿਸ ਬਾਰੇ ਕੁਝ ਕਿਹਾ ਨਹੀਂ ਗਿਆ ਹੈ । ਉਹ ਨਿਹਚਾ ਕਰਦਾ ਹੈ ਅਤੇ ਉਸ ਦੇ ਅੰਦਰ ਵਿਸ਼ਵਾਸ ਹੈ । ਅਤੇ ਹੁਣ ਇੱਕ ਦੁਸ਼ਮਣ ਮੇਰੇ ਇਸ ਮਿੱਤਰ ਨੂੰ ਖੋਹਣਾ ਚਾਹੁੰਦਾ ਹੈ; ਸ਼ੁਗਰ; ਅਤੇ ਉਹ ਸੋਚਦਾ ਹੈ ਕਿ ਉਹ ਇਸ ਲੜਕੇ ਨੂੰ ਖੋਹ ਸਕਦਾ ਹੈ । ਪਰ ਮੈਂ ਉਸ ਦੇ ਪਿੱਛੇ ਆ ਰਿਹਾ ਹਾਂ । ਮੈਂ ਆ ਰਿਹਾ ਹਾਂ, ਤਾਂ ਜੋ ਤੇਰੇ ਆਪਣਿਆਂ ਨੂੰ ਵਾਪਸ ਲਿਆਵਾਂ, ਪ੍ਰਭੂ, ਇਸ ਪੱਥਰ ਨੂੰ ਨਿਹਚਾ ਨਾਲ ਘੁਮਾ ਰਿਹਾ ਹਾਂ । ਯਿਸੂ ਮਸੀਹ ਦੇ ਨਾਮ ਵਿੱਚ ਮੈਂ ਉਸ ਸ਼ੁਗਰ ਰੋਗ ਤੇ ਨਿਸ਼ਾਨਾ ਮਾਰਦਾ ਹਾਂ!...?...ਮੇਰੇ ਭਾਈ । ਆਪਣੀਆਂ ਭੇਡਾਂ ਨੂੰ ਵਾੜੇ ਵਿੱਚ ਵਾਪਸ ਲਿਆ, ਪਿਤਾ, ਯਿਸੂ ਮਸੀਹ ਦੇ ਨਾਮ ਵਿੱਚ । ਆਮੀਨ ।

[ਭੈਣ ਬੈੱਲ ਭਾਈ ਬ੍ਰਾਨਹਾਮ ਨਾਲ ਗੱਲ ਕਰਦੀ ਹੈ—ਸੰਪਾਦਕ]

162 ਹੇ ਪ੍ਰਭੂ, ਸਾਡੀ ਭੈਣ ਜਾਣਦੀ ਹੈ ਕਿ ਹੈ ਇਹ ਭਾਰ ਦਾ ਵੱਧਣਾ ਹੈ, ਇਸ ਲਈ ਡਾਕਟਰ ਨੇ ਕਿਹਾ ਹੈ, ਕਿ ਇਹ ਚੀਜ ਉਸ ਨੂੰ ਮਾਰ ਦੇਵੇਗੀ । "ਭਾਰ ਦੇ ਵਿੱਚ ਹਰੇਕ ਇੱਕ ਪੌਂਡ ਦਾ ਵਾਧਾ, ਇੱਕ ਸਾਲ ਨੂੰ ਘਟਾਉਂਦਾ ਹੈ," ਬੀਮਾ ਕਲੰਡਰ ਦੇ ਮੁਤਾਬਿਕ । ਅਤੇ ਉਹ ਪਰਮੇਸ਼ੁਰ ਦੇ ਆਦਰ ਅਤੇ ਪ੍ਰਸ਼ੰਸ਼ਾ ਦੇ ਲਈ ਜਿਉਣਾ ਚਾਹੁੰਦੀ ਹੈ । ਅਤੇ ਪਿਤਾ, ਪਰਮੇਸ਼ੁਰ, ਇਥੇ ਕੋਈ ਡਾਕਟਰ ਨਹੀਂ ਹੈ ਜੋ ਇਸ ਨੂੰ ਕਰ ਸਕਦਾ ਹੈ । ਇਹ ਬੱਸ ਤੇਰੇ ਹੱਥ ਵਿੱਚ ਹੈ । ਅਤੇ ਭੈਣ ਬੈੱਲ ਬਹੁਤ ਇਮਾਨਦਾਰ ਰਹੀ ਹੈ । ਅਤੇ ਜਦੋਂ ਉਹ ਅਜ਼ਮਾਇਸ਼ਾਂ ਵਿਚੋਂ ਦੀ ਲੰਘਦੀ ਹੋਈ ਓਹ ਦਯਾਲ ਅਤੇ ਸਮਝਦਾਰ ਬਣੀ ਰਹੀ ਹੈ ।ਉਹ ਬਹੁਤ ਸਾਰੀਆਂ ਗੰਭੀਰ ਅਜ਼ਮਾਇਸ਼ਾਂ ਵਿਚੋਂ ਲੰਘੀ ਹੈ । ਪ੍ਰਭੂ, ਅੱਜ ਰਾਤ ਮੈਂ ਉਸ ਦੇ ਲਈ ਆਉਂਦਾ ਹਾਂ । ਮੈਂ ਉਸ ਵੈਰੀ ਨੂੰ ਮਿਲਣ ਲਈ ਆਉਂਦਾ ਹਾਂ । ਮੈਂ ਪੂਰੀ ਸਿਧਾਈ ਨਾਲ ਨਿਸ਼ਾਨਾ ਲਗਾਉਂਦਾ ਹੈ ਜਿਨਾ ਮੈਂ ਲਗਾ ਸਕਦਾ ਹਾਂ । ਯਿਸੂ ਮਸੀਹ ਦੇ ਨਾਮ ਵਿੱਚ ਮੈਂ ਵਿਸ਼ਵਾਸ ਦੇ ਪੱਥਰ ਨੂੰ ਉਸ ਦੁਸ਼ਮਣ ਵਲ ਸੁੱਟਦਾ ਹਾਂ ਜਿਸਨੇ ਉਸ ਨੂੰ ਫੜਿਆ ਹੋਇਆ ਹੈ । ਇਹ ਉਸ ਦੇ ਟੋਟੇ ਕਰ ਦਵੇ, ਅਤੇ ਉਹ ਉਸ ਤੋਂ ਦੂਰ ਭੱਜ ਜਾਵੇ, ਅਤੇ ਉਹ ਯਿਸੂ ਮਸੀਹ ਰਾਹੀਂ, ਛਾਂ ਦਾਰ ਹਰੇ-ਹਰੇ ਘਾਹ ਦੀਆਂ ਜੂਹਾਂ ਵਿੱਚ ਅਤੇ ਸੁਖਦਾਇਕ ਪਾਣੀਆਂ ਕੋਲ ਬਹਾਲ ਹੋਣ ਦੇ ਯੋਗ ਹੋ ਜਾਵੇਗੀ। ਆਮੀਨ ।

ਇਹ ਹੋ ਜਾਵੇਗਾ, ਭੈਣ ਬੈੱਲ । ਬੱਸ ਸ਼ੱਕ ਨਾ ਕਰਨਾ ।

163 ਭੈਣ ਸਪੇਂਸਰ । [ਭੈਣ ਸਪੇਂਸਰ ਆਖਦੀ ਹੈ, "ਭਾਈ, ਭਾਈ ਬਿਲ, ਮੈਂ ਪ੍ਰਭੂ ਨੂੰ ਹਰੇਕ ਦਿਨ ਪ੍ਰੇਮ ਕਰਦੀ ਹਾਂ । ਅਤੇ ਮੈਂ ਇਸ ਜਗਾ ਤੇ ਵੀਹ ਸਾਲਾਂ ਤੋਂ ਆ ਰਹੀ ਹਾਂ । ਅਤੇ ਮੈਂ ਉਸ ਹਰੇਕ ਚੀਜ ਤੋਂ ਚੰਗੀ ਹੋਈ ਹਾਂ ਜੋ ਵੀ ਕੁਝ ਵੀ ਮੇਰੇ ਨਾਲ ਮਾਮਲਾ ਹੁੰਦਾ ਸੀ । ਕੀ ਤੁਹਾਨੂੰ ਇਸ ਸਭ ਕੁਝ ਯਾਦ ਹੈ, ਅਤੇ…?…"—ਸੰਪਾਦਕ] ਯਕੀਨਨ, ਮੈਨੂੰ ਯਾਦ ਹੈ, ਭੈਣ…?…["ਅਤੇ ਉਸ ਨੇ ਮੈਨੂੰ ਬਹੁਤ ਬਰਕਤ ਦਿੱਤੀ ਹੈ! ਅਤੇ ਮੈਂ ਉਸ ਨੂੰ ਹੋਰ ਜਿਆਦਾ ਪ੍ਰੇਮ ਕਰਦੀ ਹਾਂ, ਆਪਣੇ ਜੀਵਨ ਦੇ ਹਰੇਕ ਦਿਨ । ਮੈਂ ਜਾਣਦੀ ਹਾਂ ਕਿ ਮੇਰੇਕੋਲ ਪ੍ਰਭੂ ਯਿਸੂ ਵਿੱਚ ਇੱਕ ਸ਼ਾਨਦਾਰ ਜੀਵਨ ਹੈ" ।] ਮੈਂ ਇਹ ਵਿਸ਼ਵਾਸ ਕਰਦਾ ਹਾਂ, ਭੈਣ ਸਪੇਂਸਰ । ["ਮੈਂ ਖੁਸ਼ ਹਾਂ । ਮੈਂ ਖੁਸ਼ ਹਾਂ! ਜੇ ਇਹ ਪਵਿੱਤਰ ਆਤਮਾ ਨਹੀਂ ਹੈ ਜਿਸ ਨੂੰ ਮੈਂ ਪਾਇਆ ਹੈ, ਮੈਂ—ਮੈਂ ਅਜੇ ਵੀ ਵੇਦੀ ਉੱਤੇ ਹਾਂ, ਉਸ ਹਰੇਕ ਚੀਜ ਲਈ ਜੋ ਉਸ ਕੋਲ ਮੇਰੇ ਲਈ ਹੈ । ਅਤੇ ਮੈਂ ਵੇਦੀ ਉੱਤੇ ਹੀ ਮਰ ਜਾਵਾਂਗੀ" ।] ਆਮੀਨ । [ਇਸੇ ਥਾਂ ਤੇ ਮੈਂ ਦਰਵਾਜ਼ੇ ਦੀ ਕੁੰਡੀ ਨੂੰ ਚਾਹੁੰਦੀ ਹਾਂ, ਜਿਥੇ ਮੈਂ ਵੇਦੀ ਉੱਤੇ ਯਿਸੂ ਦੇ ਨਾਲ ਮਰਾਂ" ।] ਆਮੀਨ । ਪਰਮੇਸ਼ੁਰ, ਇਹ ਉਸ ਨੂੰ ਬਖ਼ਸ਼ ਦੇ । ਆਮੀਨ । ["ਅਤੇ ਮੈਂ ਤੁਹਾਨੂੰ ਦੱਸਦੀ ਹਾਂ ਕਿ ਮੈਂ ਤੁਹਾਥੋਂ ਕੀ ਚਾਹੁੰਦੀ ਹਾਂ । ਅਤੇ ਰਸਤੇ ਵਿੱਚ, ਆਪਣੇ ਪੂਰੇ ਪਰਿਵਾਰ ਨੂੰ ਮੈਂ ਆਪਣੇ

ਨਾਲ ਅੰਦਰ ਲੈ ਲਿਆ । ਪਰ ਤੁਸੀਂ ਜਾਣਦੇ ਹੋ, ਕਿ ਮੈਂ ਆਪਣੇ ਪੂਰੇ ਪਰਿਵਾਰ ਨੂੰ ਚਾਹੁੰਦੀ ਹਾਂ"] ਮੈਂ ਸਮਝਦਾ ਹਾਂ । ["ਅਤੇ ਮੇਰੇ ਬੱਚੇ"] ਹਾਂ, ਮੈਡਮ । ["ਅਤੇ ਮੇਰਾ ਘਰਾਣਾ"] ਹਾਂ ਸ਼੍ਰੀਮਾਨ । ਮੈਂ ਇਹ ਜਾਣਦਾ ਹਾਂ । ["ਮੈਨੂੰ ਇਹ ਅਹਿਸਾਸ ਹੈ ਕਿ ਉਹ ਸਭ ਠੀਕ ਹਨ] ਹਾਂ । ["ਤੁਸੀਂ ਸਾਡੇ ਲਈ ਪ੍ਰਾਰਥਨਾ ਕੀਤੀ ਸੀ"]

164 ਅਸੀਂ ਸਾਰੇ ਭੈਣ ਸਪੇਂਸਰ ਨੂੰ ਜਾਣਦੇ ਹਾਂ, ਅਤੇ ਜਾਣਦੇ ਹਾਂ ਕਿ ਕਿਵੇਂ ਉਹ ਤੇ ਉਸ ਦਾ ਭਰਾ ਜੇਸ ਮਾੜੇ ਹਾਲਾਤਾਂ ਵਿੱਚ ਖੜੇ ਰਹੇ ਹਨ, ਪਰ ਉਹ ਚਰਚ ਦੇ ਮਾਧਿਅਮ ਰਹਿਣ ਇਥੇ ਆ ਗਏ ਹਨ । ਜਦੋਂ ਮੈਂ ਦੂਸਰੇ ਪਾਸੇ ਪਾਰ ਚਲਾ ਜਾਵਾਂਗਾ, ਉਹ ਇਸ ਤਰਾਂ ਨਹੀਂ ਲੜਖੜਾਉਣਗੇ । ਉਹ ਜਵਾਨ ਹੋਣਗੇ । ਔਹ! ਭਾਈ ਜੇਸ, ਜੇ ਮੈਂ ਬੱਸ…?…ਤੁਸੀਂ ਜਾਣਦੇ ਹੋ । ਅਤੇ ਫਿਰ ਤੁਸੀਂ ਸਾਰੇ ਜਾਣਦੇ ਹੋ ਕਿ ਕਿਵੇਂ, ਬੱਸ ਥੋੜਾ ਜਿਹਾ…?…ਦੂਰ, ਤੁਸੀਂ ਦੁਬਾਰਾ ਉਸ ਸੁੰਦਰ ਜਵਾਨ ਕੁੜੀ ਬਣ ਜਾਵੋਗੇ, ਅਤੇ ਭਾਈ ਜੇਸ ਇੱਕ ਜਵਾਨ ਲੜਕਾ । ਪਰਮੇਸ਼ੁਰ ਨੇ ਤੁਹਾਡੇ ਨਾਲ ਵਾਇਦਾ ਕੀਤਾ ਹੈ ।

165 ਹੁਣ, ਵੇਖੋ । ਮੈਂ ਤੁਹਾਨੂੰ ਬੱਸ ਥੋੜੀ ਜਿਹੀ ਸਿਖਿਆ ਦੇਣਾ ਚਾਹੁੰਦਾ ਹਾਂ, ਤੁਸੀਂ ਇਥੇ ਆਖਰੀ ਹੋ, ਜਿਸ ਨੂੰ ਮੈਂ ਸਿੱਖਿਆ ਦੇਣੀ ਚਾਹੁੰਦਾ ਹਾਂ ।

166 ਕਿਉਂਕਿ, ਮੈਂ ਜਾਣਦਾ ਹਾਂ ਕਿ ਇਹ ਤੁਹਾਡਾ ਛੋਟਾ ਲੜਕਾ ਚਾਰਲੀ ਹੈ । ਤੁਸੀਂ ਇਸ ਲਈ ਪ੍ਰਾਰਥਨਾ ਕਰਾਉਣੀ ਚਾਹੁੰਦੇ ਹੋ? [ਭਾਈ ਚਾਰਲੀ ਕਹਿੰਦੇ ਹਨ, "ਹਾਂ"—ਸੰਪਾਦਕ]

167 ਮੈਂ ਇੱਕ ਗਲ ਕਹਿਣੀ ਚਾਹੁੰਦਾ ਹਾਂ । ਕੀ ਤੁਸੀਂ ਕਦੇ ਉਸ ਲਿਖਤ ਨੂੰ ਪੜਿਆ ਹੈ ਜਿਥੇ ਬਾਈਬਲ ਨੇ ਇਹ ਕਿਹਾ ਹੈ? ਪੋਲੂਸ ਨੇ ਰੋਮਨ ਸੂਬੇਦਾਰ ਨੂੰ ਦੱਸਿਆ ।

ਕੀ ਤੁਸੀਂ ਮੈਨੂੰ ਸੁਣ ਸਕਦੇ ਹੋ? [ਸਭਾ ਕਹਿੰਦੀ ਹੈ, "ਆਮੀਨ"—ਸੰਪਾਦਕ]

168 ਜੱਦ ਉਹ ਫ਼ਿਲਿੱਪੀ ਵਿੱਚ ਇੱਕ ਕੈਦਖ਼ਾਨੇ ਵਿੱਚ ਸੀ, ਉਸ ਨੇ ਉਸ ਰੋਮੀ ਦਰੋਗੇ ਨੂੰ ਦੱਸਿਆ, ਜਦੋਂ ਉਸ ਨੇ ਆਪਣੇ ਆਪ ਨੂੰ ਮਾਰਨ ਲਈ ਆਪਣੀ ਤਲਵਾਰ ਧੂਈ । ਅਤੇ ਭੂਚਾਲ ਨੇ ਕੈਦਖ਼ਾਨੇ ਨੂੰ ਹਿਲਾ ਦਿੱਤਾ । ਉਸ ਨੇ ਕਿਹਾ, "ਪ੍ਰਭੂ ਯਿਸੂ ਉੱਤੇ ਨਿਹਚਾ ਕਰ ਤਾਂ ਤੂੰ ਅਤੇ ਤੇਰਾ ਘਰਾਣਾ ਬਚਾਏ ਜਾਓਗੇ" । ਕੀ ਤੁਸੀਂ ਕਦੇ ਇਸ ਨੂੰ ਸੁਣਿਆ? [ਸਭਾ ਆਖਦੀ ਹੈ, "ਆਮੀਨ" ।—ਸੰਪਾਦਕ] "ਤੂੰ ਅਤੇ ਤੇਰਾ ਘਰਾਣਾ" । ["ਆਮੀਨ"] ਹੁਣ, ਵੇਖੋ । ਜੇ ਤੁਹਾਡੇ ਕੋਲ ਆਪਣੀ ਮੁਕਤੀ ਯੋਗ ਵਿਸ਼ਵਾਸ ਹੈ, ਤਾਂ ਕੀ ਤੁਸੀਂ ਆਪਣੇ ਘਰਾਣੇ ਦੇ

ਲਈ ਯੋਗ ਵਿਸ਼ਵਾਸ ਨਹੀਂ ਰੱਖ ਸਕਦੇ? [“ਆਮੀਨ”] ਪਰਮੇਸ਼ੁਰ, ਕਿਸੇ ਤਰੀਕੇ ਨਾਲ, ਇਸ ਨੂੰ ਕਰ ਦੇਵੇਗਾ।

169 ਅਤੇ, ਪ੍ਰਭੂ, ਮੈਂ ਭੈਣ ਸਪੇਂਸਰ ਅਤੇ ਭਰਾ ਸਪੇਂਸਰ ਦੇ ਲਈ ਪ੍ਰਾਰਥਨਾ ਕਰਦਾ ਹਾਂ, ਕਿ ਅੱਜ ਰਾਤ ਹਰੇਕ ਬੱਚਾ, ਉਹ ਅਤੇ ਉਹਨਾਂ ਦੇ ਬੱਚੇ, ਸਾਰੇ ਉਸ ਮਹਿਮਾ ਨਾਲ ਭਰੇ ਹੋਏ, ਖੁਸ਼ਹਾਲ ਦੇਸ਼ ਵਿੱਚ ਹੋਣ ਜਿਥੇ ਕੋਈ ਬਿਮਾਰੀ ਨਹੀਂ ਹੋਵੇਗੀ ਅਤੇ ਨਾ ਕੋਈ ਬੁਢਾਪਾ ਹੋਵੇਗਾ, ਨਾ ਕੋਈ ਗਮ ਅਤੇ ਨਾ ਕੋਈ ਨਿਰਾਸ਼ਾ ਹੋਵੇਗੀ, ਅਤੇ ਇਥੋਂ ਦਾ ਇਹ ਸਾਰਾ ਛੋਟਾ ਜਿਹਾ ਜੀਵਨ ਇੱਕ ਬੀਤੇ ਹੋਏ ਸੁਫਨੇ ਵਾਂਗ ਧੁੰਦਲਾ ਜਾਵੇਗਾ। ਕਾਸ਼ ਉਹ ਇਸ ਨੂੰ ਸਵੀਕਾਰ ਕਰ ਲੈਣ, ਅਤੇ ਇਹ ਹੋ ਜਾਵੇ ਕਿ ਉਸਦੇ ਸਾਰੇ ਬੱਚੇ, ਅਤੇ ਉਸਦਾ ਪਤੀ, ਅਤੇ ਉਸ ਦੇ ਸਾਰੇ ਪਿਆਰੇ, ਅਤੇ ਉਹ ਸਾਰੇ ਜੋ ਉਸ ਨੂੰ ਪ੍ਰੇਮ ਕਰਦੇ ਹਨ, ਅਤੇ ਉਹ ਸਾਰੇ ਜਿਹਨਾਂ ਨੂੰ ਉਹ ਪ੍ਰੇਮ ਕਰਦੀ ਹੈ, ਹੋਣ ਦੇ ਕਿ ਉਹ ਸਾਰੇ ਉਥੇ ਹੋਣ, ਯਿਸੂ ਦੇ ਨਾਮ ਵਿੱਚ। ਆਮੀਨ।

170 [ਭੈਣ ਸਪੈਂਸਰ ਕਹਿੰਦੀ ਹੈ, “ਆਮੀਨ। ਤੁਹਾਡਾ ਧੰਨਵਾਦ”—ਸੰਪਾਦਕ] ਪਰਮੇਸ਼ੁਰ ਤੁਹਾਨੂੰ ਬਰਕਤ ਦਵੇ। [“ਮੈਂ ਬਹੁਤ ਜਲਦੀ ਬਿਆਸੀ ਸਾਲਾਂ ਦੀ ਹੋਵਾਂਗੀ”] ਬਿਆਸੀ ਸਾਲਾਂ ਦੀ। [‘...?...ਪਰ ਉਹ ਇਸ ਉਮਰ ਵਿੱਚ ਟੁੱਟ ਗਏ ਹਨ। ਪਰ ਮੈਂ ਅਜੇ ਵੀ ਆਪਣਾ ਖਾਣਾ ਬਣਾਉਂਦੀ ਹਾਂ, ਕਪੜੇ ਧੋਂਦੀ ਹਾਂ ਅਤੇ ਘਰ ਸਾਫ਼ ਕਰਦੀ ਹਾਂ”] ਬੱਸ ਜਿਵੇਂ ਸੰਸਾਰ ਵਿਖਰਦਾ ਜਾ ਰਿਹਾ ਹੈ, ਭੈਣ ਸਪੇਂਸਰ। [“ਹਾਂ, ਇਹ ਵਿਖਰਦਾ ਜਾ ਰਿਹਾ ਹੈ। ਮੈਂ ਹਰ ਵਕਤ, ਬਹੁਤ ਥੱਕੀ ਹੋਈ ਰਹਿੰਦੀ ਹਾਂ। ਉਹ...ਮੈਂ ਆਪਣੀ ਮਾਂ, ਮਤਰੇਈ ਮਾਂ, ਜਿਹੜੀ ਨੱਬੇ ਸਾਲਾਂ ਦੀ ਸੀ, ਬਹੁਤ ਸਮਾਂ ਪਹਿਲਾਂ ਮੈਂਉਸ ਤੋਂ ਪੁਛਿਆ ਕਿ ਜੱਦ ਤੁਸੀਂ ਬੁੜ੍ਹੇ ਹੁੰਦੇ ਹੋ ਤਾਂ ਕਿਸ ਤਰਾਂ ਮਹਿਸੂਸ ਕਰਦੇ ਹੋ। ਉਸ ਨੇ ਕਿਹਾ, ‘ਰੋਜ਼, ਤੁਸੀਂ ਹਰ ਵਕਤ ਥੱਕੇ ਹੋਏ ਹੁੰਦੇ ਹੋ’। ਮੈਂ ਥੱਕੀ ਹੋਈ ਹਾਂ”] ਅੱਛਾ, ਬੱਸ ਤੁਸੀਂ ਅਰਾਮ ਵਿੱਚ ਜਾਣ ਲਈ ਤਿਆਰ ਹੋ, ਤੁਸੀਂ ਵੇਖਿਆ। [“ਮੈਂ ਹਰ ਵਕਤ, ਬਹੁਤ ਥੱਕੀ ਹੋਈ ਰਹਿੰਦੀ ਹਾਂ। ਮੈਨੂੰ ਅਰਾਮ ਦੀ ਲੋੜ ਹੈ। ਮੈਨੂੰ ਉਸ ਦੀ ਲੋੜ ਹੈ”] ਹਾਂ, ਮੈਡਮ।[“ਅਤੇ ਮੈਂ ਆਪਣੇ ਗੋਡਿਆਂ ਤੇ ਹੋ ਕੇ, ਪ੍ਰਭੂ ਵਿੱਚ ਅਰਾਮ ਕਰਨਾ ਚਾਹੁੰਦੀ ਹਾਂ। ਹਰੇਕ, ਜਿਸ ਚੀਜ ਦੀ ਮੈਨੂੰ ਲੋੜ ਹੈ”] ਹਾਂ। ਬੱਸ ਤੁਸੀਂ ਆਪਣਾ ਵਿਸ਼ਵਾਸ ਉਸ ਵਿੱਚ ਰਖੋ, ਭੈਣ ਸਪੈਂਸਰ, ਅਤੇ ਤੁਸੀਂ ਪਾਰ ਕਰ ਜਾਵੋਗੇ। [“ਮੈਂ ਯਿਸੂ ਦੇ ਨਾਮ ਵਿੱਚ, ਵੇਦੀ ਉੱਤੇ ਮਰਨਾ ਚਾਹੁੰਦੀ ਹਾਂ। ਮੈਂ ਉਸ ਨੂੰ ਹੀ ਵੇਖਣਾ ਚਾਹੁੰਦੀ ਹਾਂ, ਜੱਦ ਤੱਕ ਉਹ ਬੁਲਾਉਂਦਾ ਨਹੀਂ ਹੈ”।] ਅਤੇ ਉਸ ਨੇ ਕਿਹਾ...[“ਮੇਰੇ ਲਈ ਉਸ ਕੋਲ ਜੋ ਕੁਝ ਵੀ ਹੈ ਮੈਂ ਉਹ ਸਭ ਚਾਹੁੰਦੀ ਹਾਂ”।] ਅਤੇ, ਅੱਜ ਰਾਤ, ਜਿਵੇਂ ਇਹ ਪੱਕੀ ਗਲ ਹੈ ਕਿ ਮੈਂ ਤੁਹਾਡੇ ਨਾਲ ਖੜਾ ਹਾਂ, ਭੈਣ ਸਪੈਂਸਰ, ਉਸ ਦੀ ਕਿਰਪਾ ਨਾਲ ਮੈਂ ਤੁਹਾਨੂੰ ਅਤੇ

ਜੇਸ ਨੂੰ ਸਰਹੱਦ ਦੇ ਉਸ ਪਰ ਵੇਖਾਂਗਾ, ਜਵਾਨ ਅਤੇ ਸੇਹਤਮੰਦ। ਤੁਸੀਂ ਸਾਰੇ ਭੱਜੇ ਫਿਰੋਗੇ ਅਤੇ ਰੌਲਾ ਪਾਉਗੇ, "ਮੇਰੇ ਭਾਈ! ਮੇਰੇ ਭਾਈ!" ["ਹਾਂ" ।] ਮੈਂ ਤੁਹਾਨੂੰ ਮਿਲਾਂਗਾ।

ਉਸ ਦੀਆਂ ਨਸਾਂ।

171 ਪਿਤਾ ਪਰਮੇਸ਼ੁਰ, ਇਹ ਲੜਕੀ ਟੁੱਟੀ ਹੋਈ ਹੈ, ਅਤੇ ਉਸ ਦੀ ਚੰਗਾਈ ਦਵਾਈਆਂ ਦੀ ਪਹੁੰਚ ਤੋਂ ਬਾਹਰ ਹੈ। ਉਹ ਆਪ ਹੀ ਹੈ, ਜੋ ਰੋਕ ਰਹੀ ਹੈ। ਪਰ ਅੱਜ ਰਾਤ ਮੈਂ ਉਸ ਦੇ ਲਈ ਆਉਂਦਾ ਹਾਂ। ਮੈਂ ਤੇਰੇ ਕੋਲ ਆਉਂਦਾ ਹਾਂ, ਪਿਤਾ। ਮੈਂ ਆਉਂਦਾ ਹਾਂ, ਤੇਰੇ ਤੋਂ ਮੰਗਦਾ ਹਾਂ ਕਿ ਤੂੰ ਉਸ ਨਿਸ਼ਾਨੇ ਲਈ ਦਿਸ਼ਾ ਨਿਰਦੇਸ਼ ਕਰ ਜੋ ਮੈਂ ਲਗਾਉਣ ਵਾਲਾ ਹਾਂ। ਹੋਣ ਦੇ ਕਿ ਇਹ ਸਿੱਧਾ ਉਸ ਦੀ ਪਿੱਠ ਤੇ ਲਗੇ। ਹੋ ਜਾਵੇ ਕਿ ਇਹ ਪ੍ਰਾਰਥਨਾ, ਯੀਸ਼ੂ ਮਸੀਹ ਦੇ ਨਾਮ ਵਿੱਚ ਉਸ ਘਬਰਾਹਟ ਉੱਤੇ ਪ੍ਰਹਾਰ ਕਰੇ ਅਤੇ ਇਸ ਨੂੰ ਫਾੜ ਕੇ ਟੁਕੜੇ-ਟੁਕੜੇ ਕਰ ਦਵੇ, ਅਤੇ ਇਸ ਭੇਡ ਨੂੰ ਪਰਮੇਸ਼ੁਰ ਦੇ ਵਾੜੇ ਵਿੱਚ ਵਾਪਸ ਲੈ ਆਵੇ। ਆਮੀਨ।

ਇਹ ਹੋਣਾ ਹੀ ਹੈ, ਪਿਆਰੀ।

172 [ਇੱਕ ਭੈਣ ਕਹਿੰਦੀ ਹੈ, "ਬੱਸ ਪ੍ਰਾਰਥਨਾ ਕਰੋ। ਮੇਰੇ ਛੇ ਬੱਚੇ ਹਨ ਜਿਹਨਾਂ ਲਈ ਮੈਂ ਪਰਮੇਸ਼ੁਰ ਤੋਂ ਮੰਗਦੀ ਹਾਂ ਕਿ ਉਹਨਾਂ ਨੂੰ ਚੰਗਾ ਕਰੇ ਅਤੇ ਬਚਾਵੇ" ।—ਸੰਪਾਦਕ]

173 ਸਵਰਗ ਦੇ ਪਰਮੇਸ਼ੁਰ, ਇਹ ਬਖ਼ਸ਼ ਦੇ, ਉਸ ਦੀ ਇੱਛਾ ਹੈ ਕਿ ਉਸ ਦੇ ਛੇ ਬੱਚੇ ਬਚਾਏ ਜਾਣ। ਉਸ ਨੇ ਭਾਈ ਡੌਲਟਨ ਦੀਆਂ ਸੁੰਦਰ ਲੜਕੀਆਂ ਦੀ ਗਵਾਹੀ ਨੂੰ ਸੁਣਿਆ ਹੈ। ਪਿਤਾ, ਉਹ ਆਪਣੇ ਛੇ ਬਚਿਆਂ ਨੂੰ ਚਾਹੁੰਦੀ ਹੈ। ਹੋ ਜਾਵੇ ਕਿ ਇਹ ਉਸ ਨੂੰ ਮਿਲ ਜਾਵੇ। ਹੋਣ ਦੇ ਕਿ ਉਹ ਉਹਨਾਂ ਨੂੰ ਉਸ ਧਰਤੀ ਤੇ ਮਿਲੇ ਜਿਥੇ ਕੋਈ ਰਾਤ ਨਹੀਂ ਹੈ, ਜਿਥੇ ਉਹ ਯਿਸੂ ਮਸੀਹ ਦੇ ਲਹੂ ਨਾਲ ਸੁਰਖਿਅਤ ਰਹਿਣ ਅਤੇ ਆਸਰਾ ਪਾਉਣ। ਆਮੀਨ।

ਭੈਣ, ਮੇਰੇ ਪ੍ਰਾਰਥਨਾ ਹੈ, ਕਿ ਉਹ ਤੁਹਾਨੂੰ ਮਿਲ ਜਾਣ।

[ਇੱਕ ਭੈਣ ਭਾਈ ਬ੍ਰਾਨਹਾਮ ਨਾਲ ਗੱਲ ਕਰਦੀ ਹੈ—ਸੰਪਾਦਕ]

174 ਮੈਂ ਤੁਹਾਡੇ ਤੇ ਵਿਸ਼ਵਾਸ ਕਰਦਾ ਹਾਂ। ਇਥੇ ਕੁਝ ਵੀ ਨਹੀਂ ਹੈ ਜੋ ਇਸ ਦੀ ਮਦਦ ਕਰ ਸਕੇ। ਉਹ ਉਹਨਾਂ ਨੂੰ ਕੋਈ ਥੋੜੀ ਜਿਹੀ ਚੀਜ ਦਿੰਦੇ ਹਨ, ਔਹ, ਜਿਵੇਂ ਕਿ ਐਸਿਟਾਮਿਨ। ਉਹ ਇਸ ਨੂੰ ਕੋਰਟੀਸੋਨ ਆਖਦੇ ਹਨ। ਇਹ, ਲਗਭਗ ਤੁਹਾਨੂੰ ਮਾਰ ਦਿੰਦੀ ਹੈ। ਇਹ ਤੁਹਾਡੇ ਲਹੂ ਨੂੰ ਫੱਟਾ ਦਿੰਦੀ ਹੈ। ਪਰ, ਵੇਖੋ।ਵੇਖੋ, ਗਠੀਆ ਬੱਸ ਇੱਕ ਸ਼ੇਰ ਵਰਗਾ ਹੈ ਜਿਸ ਨੇ ਭੇਡ ਨੂੰ ਫੜ ਲਿਆ

ਅਤੇ ਭੱਜ ਗਿਆ ਹੈ । ਹੁਣ, ਇੱਕ ਗੋਪੀਆ ਕੀ ਕਰੇਗਾ? ਔਹ, ਮੇਰੇ! ਉਥੇ ਇੱਕ ਵੱਡਾ, ਗਰਜਦਾ ਹੋਇਆ ਸ਼ੇਰ ਲੇਲੇ ਦੇ ਨਾਲ ਸੀ । ਅਤੇ ਉਹ ਲੇਲੇ ਨੂੰ ਪ੍ਰੇਮ ਕਰਦਾ ਹੈ, ਇਸ ਲਈ ਉਹ ਲੇਲੇ ਨੂੰ ਲੈ ਕੇ ਭੱਜ ਗਿਆ । ਪਰ ਦਾਊਦ ਨੇ ਗੋਪੀਆ ਲਿਆ ਅਤੇ ਉਸ ਦੇ ਪਿੱਛੇ ਗਿਆ । ਵੇਖਿਆ? ਹੁਣ ਵੇਖੋ । ਉਸ ਕੋਲ ਪੰਜ ਪੱਥਰ ਸਨ: ਵਿਸ਼ਵਾਸ (f-a-i-t-h) । ਉਸ ਦਾ ਗੋਪੀਆ *ਇਸ* ਹੱਥ ਵਿੱਚ ਸੀ: ਯਿਸੂ (J-e-s-u-s) । ਉਹ ਇੱਕ ਅਚੁਕ ਨਿਸ਼ਾਨੇਬਾਜ਼ ਹੈ । ਕੁਝ ਤਾਂ ਹੋਣਾ ਹੀ ਹੈ । ਅੱਜ ਰਾਤ, ਇਸ ਪ੍ਰਾਰਥਨਾ ਨਾਲ, ਆਓ ਉਸ ਗਠੀਏ ਦੇ ਪਿੱਛੇ ਚਲੀਏ । ਕਾਸ਼ ਕਿ ਪਰਮੇਸੁਰ ਤੁਹਾਨੂੰ ਇਹ ਬਖਸ ਦੇਵੇ ।

175 [ਭੈਣ ਭਾਈ ਬ੍ਰਾਨਹਾਮ ਨਾਲ ਗੱਲ ਕਰਦੀ ਹੈ—ਸੰਪਾਦਕ] ਉਹ ਨਾਮ ਵਿੱਚ ਬਪਤਿਸਮਾ ਲੈਣਾ ਚਾਹੁੰਦੀ ਹੈ? ["ਨਹੀਂ । ਨਹੀਂ । ਉਸ ਨੇ ਇਹ ਨਹੀਂ ਕਿਹਾ"] ਤੁਸੀਂ ਚਾਹੁੰਦੇ ਹੋ ਕਿ ਉਹ ਬਪਤਿਸਮਾ ਲਵੇ । ["ਇਹ ਮੇਰੀ ਇੱਛਾ ਹੈ ਕਿ ਉਸ ਨੂੰ ਬਪਤਿਸਮਾ ਪਾਏ ਹੋਏ ਵੇਖਾਂ"] ਤੁਹਾਡਾ ਧੰਨਵਾਦ, ਭੈਣ । ਇਸ ਲਈ ਨਹੀਂ ਕਿ ਇਹੀ ਤਰੀਕਾ ਹੈ ।ਕਿਉਂਕਿ ਇਹ...ਹੁਣ, ਜੇ ਬਾਈਬਲ ਵਿੱਚ ਇਹ ਹੁੰਦਾ, "ਪਿਤਾ, ਪੁੱਤ੍ਰ, ਅਤੇ ਪਵਿੱਤਰ ਆਤਮਾ," ਮੈਂ—ਮੈਂ ਉਸ ਤੇ ਵਿਸ਼ਵਾਸ ਕਰਦਾ, ਮੈਂ ਠੀਕ ਇਸ ਦੇ ਨਾਲ ਰਹਿੰਦਾ, ਭੈਣ । ਮੈਂ—ਮੈਂ ਕਿਸੇ ਤਰਾਂ ਕੁਝ ਵੀ ਵਖਰਾ ਨਹੀਂ ਕਰਦਾ । ਮੈਂ—ਮੈਂ ਵੀ ਉਹੀ ਹੀ ਚਾਹੁੰਦਾ । ਮੈਂ...ਮੈਂ—ਮੈਂ ਉਸ ਲਈ ਲਈ ਜਿੰਮੇਵਾਰ ਠਹਿਰਾਇਆ ਜਾਵਾਂਗਾ, ਤੁਸੀਂ ਸਮਝੇ । ਅਤੇ ਮੈਂ ਇਸ ਨੂੰ ਬੱਸ ਉਸੇ ਤਰਾਂ ਕਹਿਣਾ ਹੈ ਜਿਸ ਤਰਾਂ *ਇਹ* ਕਹਿੰਦੀ ਹੈ; ਵਖਰਾ ਬਣਨ ਲਈ ਨਹੀਂ; ਸਗੋਂ ਇਮਾਨਦਾਰੀ ਬਣਨ ਦੇ ਲਈ ।

176 ਹੁਣ, ਪਿਤਾ, ਅਸੀਂ ਉਸ ਦੇ ਪਿਆਰਿਆਂ ਦੇ ਲਈ ਆਉਂਦੇ ਹਾਂ । ਜਿਸ ਨੂੰ ਗਠੀਆ ਹੈ, ਅਤੇ ਇਥੇ ਇਹ ਚਾਹੁੰਦੀ ਹੈ ਕਿ ਉਸ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਜਾਵੇ, ਕਿਉਂਕਿ ਇਹ ਹੀ ਪ੍ਰਵੇਸ਼ ਦੁਆਰ ਹੈ । ਇਹ ਖੁਲਾ ਦਰਵਾਜ਼ਾ ਹੈ । ਇਥੇ ਹੀ ਯਹੋਸ਼ੁਆ ਨੇ ਇੱਕ ਰਾਹ ਖੋਲਿਆ ਸੀ ਜਿਹੜਾ ਵਾਇਦਾ ਕੀਤੀ ਹੋਈ ਧਰਤੀ ਵਿੱਚ ਗਿਆ ਸੀ । ਉਥੇ ਕੋਈ ਦੋ ਜਾਂ ਤਿੰਨ ਜਗਾ ਤੋਂ ਨਹੀਂ ਖੋਲਿਆ ਗਿਆ ਸੀ; ਉਥੇ ਸਿਰਫ ਇੱਕ ਸੀ ।

177 ਪਤਰਸ ਨੇ, ਪੰਤੇਕੁਸਤ ਦੇ ਦਿਨ, ਜੱਦ ਪਹਿਲੀ ਕਲੀਸਿਯਾ ਦਾ ਉਦਘਾਟਨ ਕੀਤਾ ਗਿਆ ਸੀ, ਇੱਕ ਮਾਰਗ ਨੂੰ ਖੋਲਿਆ, ਕਿਹਾ, "ਤੁਹਾਡੇ ਵਿਚੋਂ ਹਰੇਕ ਤੋਬਾ ਕਰੇ ਅਤੇ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਵੇ" । ਉਹ ਕਦੇ ਵੀ ਉਸ ਮਾਰਗ ਤੋਂ ਨਹੀਂ ਹਟੇ, ਹਰੇਕ ਪਾਰ ਕਰਕੇ ਵਾਇਦਾ ਕੀਤੀ ਹੋਈ ਧਰਤੀ ਵਿੱਚ ਪ੍ਰਵੇਸ਼ ਕਰ ਗਿਆ ।

178 ਉਹਨਾਂ ਵਿਚੋਂ ਕਈ ਕਿਸੇ ਹੋਰ ਮਾਰਗ ਰਾਹੀਂ ਪਾਰ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਅਤੇ ਪੌਲੂਸ ਨੇ ਉਸ ਨੂੰ ਕਿਹਾ, "ਤੁਸੀਂ ਕਾਹਦਾ ਬਪਤਿਸਮਾ ਲਿਆ? ਤੁਸੀਂ ਕਿਸ ਜਗਾ ਤੋਂ ਪਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹੋ?"

ਅਤੇ ਉਹਨਾਂ ਕਿਹਾ, "ਇਥੇ ਹੇਠਾਂ ਜਿਥੇ ਯੂਹੰਨਾ ਬਪਤਿਸਮਾ ਦਿੰਦਾ ਸੀ" ।

179 ਉਸ ਨੇ ਕਿਹਾ, "ਅੱਛਾ, ਯੂਹੰਨਾ ਨੇ ਤਾਂ ਸਿਰਫ ਸਮੇਂ ਅਤੇ ਸਥਾਨ ਵਲ ਇਸ਼ਾਰਾ ਕੀਤਾ ਸੀ"। ਅਤੇ ਜਦ ਉਹਨਾਂ ਨੇ ਇਹ ਸੁਣਿਆ ਤਾਂ ਉਹਨਾਂ ਸਹੀ ਘਾਟ ਤੇ ਬਪਤਿਸਮਾ ਲਿਆ । ਅਤੇ ਉਹ ਪਾਰ ਚਲੇ ਗਏ ਅਤੇ ਪਵਿੱਤਰ ਆਤਮਾ ਨੂੰ ਪਾ ਲਿਆ, ਠੀਕ ਹੈ ।

180 ਸਾਡੀ ਭੈਣ ਅਤੇ ਉਸ ਦੇ ਪਿਆਰਿਆਂ ਨੂੰ ਇਹ ਬਖ਼ਸ਼ ਦੇ, ਯਿਸੂ ਮਸੀਹ ਦੇ ਨਾਮ ਵਿੱਚ । ਆਮੀਨ ।

181 ਭਾਈ ਲਾਈਲ। [ਭਾਈ ਲਾਈਲ ਕਹਿੰਦੇ ਹਨ, "ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਸਚਮੁਚ ਅਗੁਏ ਹੋ, ਭਾਈ ਬ੍ਰਾਨਹਾਮ" ।—ਸੰਪਾਦਕ] ਔਹ, ਭਾਈ! ["ਉੱਪਰ ਆਏ...?...ਤੁਹਾਨੂੰ ਯਾਦ ਹੈ ਜੇ ਉਥੇ ਸੁਫਨੇ ਵਿੱਚ, ਉਥੇ ਕੁਝ ਆਇਆ...?...ਜੇ ਤੁਸੀਂ ਸੁਫਨੇ ਦਾ ਜਿਕਰ ਕਰੋ, ਇਹ ਸਭ ਠੀਕ ਹੋਵੇਗਾ । ਇਹੀ ਸੀ ਜੋ ਮੈਨੂੰ ਆਇਆ ਸੀ । ਜਿਥੇ, ਤੁਸੀਂ ਹਮੇਸ਼ਾ ਸਹੀ ਸੁਫਨੇ ਵੇਖਦੇ ਹੋ!...?..."] ਹਾਂ । ਇਸ ਗਲ ਨੂੰ ਕਾਫੀ ਚਿਰ ਹੋ ਗਿਆ ਹੈ । ["ਹਾਂ"] ਹਾਂ । ਮੈਂ ਖੁਸ਼ ਹਾਂ...?...ਪਰਮੇਸੁਰ ਤੁਹਾਨੂੰਬਰਕਤ ਦੇਵੇ । ਹੁਣ ਤੁਸੀਂ ਵਾਇਦਾ ਕੀਤੀ ਹੋਈ ਧਰਤੀ ਦੇ ਮਾਰਗ ਤੇ ਹੋ! ਸ਼ਾਇਦ ਮੈਂ ਉਸ ਦਾ ਜਿਕਰ ਕਰਾਂਗਾ ।

182 ਕਿੰਨਿਆਂ ਨੂੰ ਯਾਦ ਹੈ ਕਿ ਮੇਰੇ ਲਈ ਮੇਰੀ ਇਸ ਸੇਵਕਾਈ ਦੀ ਪੁਸ਼ਟੀ ਹੋਣ ਤੋਂ ਪਹਿਲਾਂ, ਮੈਂ ਇੱਕ ਦਿਨ ਝੀਲ ਵਿੱਚ ਇੱਕ ਆਦਮੀ ਨਾਲ ਮਛੀਆਂ ਫੜ ਰਿਹਾ ਸੀ? ਅਤੇ ਮੈਂ ਛੋਟੀਆਂ ਮਛੀਆਂ ਫੜ ਰਿਹਾ ਸੀ, ਅਤੇ ਪਵਿੱਤਰ ਆਤਮਾ ਮੇਰੇ ਉੱਤੇ ਆ ਗਿਆ । ਉਥੇ ਇੱਕ...ਉਹ ਆਦਮੀ ਯਹੋਵਾਹ ਵਿੱਟਨੈਸ ਤੋਂ ਸੀ । ਉਸਦਾ ਭਰਾ ਇਥੇ ਕਿਸੇ ਜਗਾ ਤੇ ਹੈ, ਬੈਂਕ ਵੂਡ । ਉਹ ਇਥੇ ਕਿਸੇ ਥਾਂ ਤੇ ਹੈ, ਉਹ ਮੇਰਾ ਗਵਾਂਢੀ ਹੈ ।

183 ਇਹ ਲਾਇਲ ਹੈ । ਅਤੇ ਇਹ ਲੋਕ ਯਹੋਵਾਹ ਵਿੱਟਨੈਸ ਵਾਲੇ ਸਨ । ਅਤੇ ਉਹਨਾਂ ਕਿਹਾ, ਇੱਕ ਦਿਨ ਜੱਦ ਅਸੀਂ ਉਥੇ ਮਛੀਆਂ ਫੜ ਰਹੇ ਸੀ, ਇਸ ਲੜਕੇ ਦੇ ਬਦਲਣ ਤੋਂ ਬਾਅਦ, ਮੈਂ ਉਸ ਨੂੰ ਦੱਸਿਆ ਕਿ ਉਸ ਦੇ ਜੀਵਨ ਵਿੱਚ ਕੁਝ ਸੀ, ਅਤੇ ਕੀ—ਕੀ ਹੋਇਆ ਸੀ, ਅਤੇ ਇਸ ਬਾਰੇ ਸਭ ਕੁਝ ਦੱਸਿਆ । ਜਿਸ ਬਾਰੇ, ਉਸ ਨੇ ਮੈਨੂੰ ਹੁਣੇ ਦੱਸਿਆ ਹੈ, ਅਤੇ ਬੱਸ ਹੁਣੇ ਹੀ ਉਸਨੇ ਇਸ ਨੂੰ ਆਪਣੇ ਜੀਵਨ ਤੋਂ ਬਾਹਰ ਕਰ ਦਿੱਤਾ ਹੈ, ਇਹ ਸਹੀ ਹੈ, ਇਹ ਜੋ ਵੀ ਸੀ । ਇਹ ਬਿਲਕੁਲ ਸਹੀ ਹੈ । ਉਸਦਾ ਪਿਤਾ ਇੱਕ ਪਾਠਕ ਸੀ । ਕੀ ਪਿਤਾ

ਅੱਜ ਰਾਤ ਇਥੇ ਹੈ, ਬਿੱਲੀ? [ਕੋਈ ਕਹਿੰਦਾ ਹੈ, "ਪਤਾ ਨਹੀਂ"—ਸੰਪਾਦਕ] ਅਤੇ ਉਹ ਅਤੇ ਉਸਦੀ ਪਤਨੀ, ਦੋਹਾਂ ਨੇ, ਇਥੇ ਤਲਾਬ ਵਿੱਚ, ਯਿਸੂ ਮਸੀਹ ਦੀ ਗਵਾਹੀ ਦੇਣ ਦੇ ਲਈ ਬਪਤਿਸਮਾ ਲਿਆ ਸੀ। ਅਤੇ ਇੱਕ ਦਿਨ, ਇਹ ਆਦਮੀ ਮੇਰੇ ਕੋਲ ਬੈਠਾ ਹੋਇਆ ਸੀ।

184 ਬੈਂਕਸ, ਤੁਸੀਂ ਕਿਥੇ ਹੋ? ਕੀ ਉਹ ਅੱਜ ਰਾਤ ਇਥੇ ਹਨ? [ਕੋਈ ਕਹਿੰਦਾ ਹੈ, "ਪਿਛੇ ਬਿਲਕੁਲ ਕੋਨੇ ਵਿੱਚ ਹਨ"।—ਸੰਪਾਦਕ] ਪਿਛੇ ਕੋਨੇ ਵਿੱਚ। ਹਾਂ।

185 ਅਤੇ ਅਸੀਂ ਮਛੀਆਂ ਫੜ ਰਹੇ ਸੀ। ਅਤੇ, ਭਾਈ, ਅਤੇ ਮੇਰੇ ਛੋਟੇ ਲੜਕੇ ਨੇ...ਮੈਂ ਸੋਚਿਆ ਕਿ ਉਸ ਨੇ ਕੁਝ ਦਿਨ ਪਹਿਲਾਂ, ਇੱਕ ਬਲੂੰਗੜਾ ਮਾਰਿਆ ਸੀ। ਉਸ ਛੋਟੀ ਜਿਹੀ ਬੁੱਢੀ ਬਿਲੀ ਮਾਂ ਦੇ ਕੋਲ ਛੋਟੇ-ਛੋਟੇ ਬਲੂੰਗੜਿਆਂ ਦਾ ਟੋਲਾ ਸੀ, ਅਤੇ ਉਸ ਨੇ ਉਸ ਨੂੰ ਉਪਰ ਚੁਕਿਆ ਅਤੇ ਹੇਠਾਂ ਡੇਗ ਦਿਤਾ। ਮੈਂ ਸੋਚਿਆ...ਇੱਕ ਦਿਨ ਪਹਿਲਾਂ, ਮੈਂ ਕਿਹਾ, "ਪ੍ਰਭੂ ਇੱਕ ਛੋਟੇ ਜਿਹੇ ਜੀਵਨ ਨੂੰ ਵਾਪਸ ਲਿਆਉਣ ਵਾਲਾ ਹੈ"। ਕੀ ਇਹ ਸਹੀ ਹੈ, ਲਾਇਲ? [ਭਾਈ ਲਾਇਲ ਵੁੱਡ ਕਹਿੰਦੇ ਹਨ, "ਹਾਂ"—ਸੰਪਾਦਕ] ਇੱਕ ਖੱਡ ਵਿੱਚ ਬੈਠਾ ਹੋਇਆ ਸੀ। ਅਤੇ ਮੈਂ ਕਿਹਾ, "**ਇਹ ਯਹੋਵਾਹ ਇਉਂ ਫ਼ਰਮਾਉਂਦਾ ਹੈ**"। ਅਤੇ ਅਸੀਂ ਸਾਰੀ ਰਾਤ ਜਾਲ ਵਿਛਾਏ ਅਤੇ ਕੁਝ ਵੀ ਨਹੀਂ ਫੜਿਆ।

186 ਅਗਲੀ ਸਵੇਰ ਨੂੰ, ਅਸੀਂ ਇੱਕ ਖਾੜੀ ਵਿੱਚ ਕੁਝ ਬਲੂਗਿੱਲ ਮਛੀਆਂ ਦੇ ਲਈ ਜਾਲ ਵਿਛਾ ਰਹੇ ਸੀ। ਇਹ ਇੱਕ ਛੋਟੀ ਮਛੀ ਸੀ। ਅਤੇ ਭਾਈ ਲਾਇਲ ਕੋਲ ਇੱਕ ਲੰਬਾ ਡੰਡਾ ਸੀ, ਅਤੇ ਉਸਨੇ ਇੱਕ ਛੋਟੀ ਬਲੂਗਿੱਲ ਮਛੀ ਨੂੰ ਇਸ ਨੂੰ ਨਿਗਲਣ ਦਿੱਤਾ, ਉਸ ਕੋਲ ਵੱਡੀ ਕੁੰਡੀ ਸੀ, ਜੱਦ, ਉਸ ਨੇ ਇਸ ਨੂੰ ਬਾਹਰ ਖਿਚਿਆ, ਤਾਂ ਉਹ ਵੱਡੀ ਕੁੰਡੀ, ਉਸ ਛੋਟੀ ਬਲੂਗਿੱਲ ਮਛੀ ਦੇ ਪੇਟ ਵਿੱਚ ਚਲੀ ਗਈ। ਅਤੇ ਜਦੋਂ ਉਸ ਨੇ ਇਸ ਨੂੰ ਖਿਚ ਕੇ ਬਾਹਰ ਕਢਿਆ, ਤਾਂ ਉਸ ਨੂੰ ਛੋਟੀ ਬਲੂਗਿੱਲ ਦੀਆਂ ਆਂਦਰਾਂ ਅਤੇ ਸਭ ਕੁਝ ਉਸ ਵਿਚੋਂ ਬਾਹਰ ਖਿਚਣਾ ਪਿਆ। ਅਤੇ ਉਸਨੇ ਬੱਸ ਸਭ ਕੁਝ ਬਾਹਰ ਖਿਚ ਲਿਆ, 'ਕਿਉਂਕਿ ਵੱਡੀ ਕੁੰਡੀ ਮਛੀ ਦੇ ਪੇਟ ਵਿੱਚ ਫੱਸ ਗਈ ਸੀ। ਅਤੇ ਜਦ ਉਸ ਨੇ ਇਹ ਕੀਤਾ, ਤਾਂ ਉਸ ਨੇ ਇਸ ਨੂੰ ਪਾਣੀ ਵਿੱਚ ਸੁੱਟ ਦਿਤਾ। ਅਤੇ ਉਹ ਬੱਸ, ਚਾਰ ਜਾਂ ਪੰਜ ਵਾਰ ਫੜਕੀ, ਅਤੇ ਇਹੀ ਕੁਝ ਸੀ, ਕਿਉਂਕਿ ਉਸਦੀਆਂ ਆਂਦਰਾਂ ਅਤੇ ਗਲਫੜੇ ਉਸ ਦੇ ਮੂੰਹ ਵਿਚੋਂ ਬਾਹਰ ਲਮਕ ਰਹੇ ਸਨ। ਅਤੇ ਉਹ ਕਰੀਬ ਅੱਧੇ ਘੰਟੇ ਤੱਕ ਤੈਰਦੀ ਰਹੀ, ਤੈਰਦੀ ਹੋਈ ਪਿਛਾਂਹ ਝਾੜੀਆਂ ਵਿੱਚ ਚਲੀ ਗਈ।

187 ਅਤੇ ਮੈਂ ਉਥੇ ਬੈਠਾ ਹੋਇਆ, ਮਛੀਆਂ ਫੜ ਰਿਹਾ ਸੀ। ਅਤੇ ਅਚਾਨਕ, ਪਵਿੱਤਰ ਆਤਮਾ ਨੇ ਆ ਕੇ ਕਿਹਾ, "ਉਸ ਮੱਛੀ ਨਾਲ ਗੱਲ ਕਰ"।

188 ਮੈਂ ਕਿਹਾ, "ਛੋਟੀ ਮਛੀ, ਯਿਸੂ ਮਸੀਹ ਤੈਨੂੰ ਤੇਰਾ ਜੀਵਨ ਦੁਬਾਰਾ ਦਿੰਦਾ ਹੈ"। ਅਤੇ ਉਹ ਛੋਟੀ ਮੱਛੀ, ਪਾਣੀ ਉਤੇ ਮਰੀ ਹੋਈ ਪਈ ਸੀ, ਉਸ ਨੇ ਆਪਣਾ ਪਾਸਾ ਪਰਤਿਆ, ਅਤੇ ਉਹ ਜਿੰਨੀ ਤੇਜੀ ਨਾਲ ਜਾ ਸਕਦੀ ਸੀ, ਉਨੀ ਤੇਜੀ ਨਾਲ ਉਹ ਪਾਣੀ ਵਿੱਚ ਚਲੀ ਗਈ।

189 ਭਾਈ ਲਾਇਲ ਅਤੇ ਭਾਈ ਵੂਡ ਉਥੇ ਮੌਜੂਦ ਸਨ। ਭਾਈ ਲਾਇਲ ਨੇ ਕਿਹਾ, "ਭਾਈ ਬ੍ਰਾਨਹਾਮ, ਇਹ ਮੇਰੇ ਲਈ ਸੀ, ਕਿਉਂਕਿ ਮੈਂ ਉਸ ਛੋਟੀ ਮਛੀ ਨੂੰ ਕਿਹਾ ਸੀ…"

190 [ਭਾਈ ਬ੍ਰਾਨਹਾਮ ਭਾਈ ਲਾਇਲ ਨਾਲ ਗਲ ਕਰਦੇ ਹਨ—ਸੰਪਾਦਕ। ਅੱਜ ਰਾਤ, ਕੀ ਮੈਂ ਉਹਨਾਂ ਨੂੰ ਦੱਸ ਸਕਦਾ ਹਾਂ ਜੋ ਤੁਸੀਂ ਕਿਹਾ ਸੀ? [ਭਾਈ ਲਾਇਲ ਵੂਡ ਕਹਿੰਦੇ ਹਨ, "ਯਕੀਨਨ ਤੁਸੀਂ ਕਹਿ ਸਕਦੇ ਹੋ। ਇਹ ਠੀਕ ਹੈ, ਭਾਈ ਬ੍ਰਾਨਹਾਮ"]

191 ਉਸ ਨੇ ਕਿਹਾ, ਜੱਦ ਉਸ ਨੇ ਉਸ ਮਛੀ ਵਿਚੋਂ ਆਂਦਰਾਂ ਨੂੰ ਬਾਹਰ ਖਿਚਿਆ, ਉਸ ਨੇ ਉਸ ਨੂੰ ਉਥੇ ਸੁੱਟ ਦਿੱਤਾ, ਅਤੇ ਕਿਹਾ, "ਛੋਟੇ ਸੱਜਣ, ਤੂੰ ਬੱਸ ਆਪਣਾ ਆਖਰੀ ਸਾਹ ਲੈ ਲਿਆ ਹੈ," ਬੱਸ ਇਸ ਤਰਾਂ। ਇਸ ਨੂੰ ਬਾਹਰ ਸੁੱਟ ਦਿਤਾ।

ਉਸ ਨੇ ਕਿਹਾ, "ਇਹ—ਇਹ ਮੇਰੇ ਲਈ ਸੀ"।

ਅਤੇ ਮੈਂ ਕਿਹਾ, "ਨਹੀਂ, ਭਾਈ ਲਾਇਲ। ਇਹ ਨਹੀਂ ਸੀ"।

192 ਭਾਈ ਬੈਂਕਸ ਨੇ ਉਸ ਥਾਂ ਤੇ ਕਿਹਾ, "ਸੰਸਾਰ ਵਿੱਚ ਕਿੰਨੇ ਸਾਰੇ ਲੋਕ, ਕਿੰਨੇ ਹਜਾਰ ਲੋਕ, ਇਥੇ ਖੜੇ ਹੋਣਾ ਚਾਹੁਣਗੇ, ਜਿਥੇ ਅਸੀਂ ਹੁਣ ਖੜੇ ਹਾਂ, ਪਰਮੇਸ਼ੁਰ ਦੀ ਸਮਰਥ ਨੂੰ ਇਸ ਤਰਾਂ ਹੇਠਾਂ ਆਉਂਦੇ ਅਤੇ ਇਸ ਤਰਾਂ ਦਾ ਕੁਝ ਕਰਦੇ ਹੋਏ ਵੇਖਣ ਲਈ!" ਦੂਸਰੇ ਸ਼ਬਦਾਂ ਵਿੱਚ, ਉਹ ਜਿਵੇਂ…

193 ਮੈਂਨੂੰ ਯਕੀਨ ਹੈ ਕਿ ਅਸੀਂ ਸਾਰਿਆਂ ਨੇ ਪਤਰਸ ਵਾਂਗ ਮਹਿਸੂਸ ਕੀਤਾ ਸੀ, "ਇਥੇ ਹੋਣਾ ਚੰਗਾ ਹੈ। ਆਓ ਤਿੰਨ ਤੰਬੂ ਬਣਾਈਏ"। ਵੇਖਿਆ? ਇਹ ਸਹੀ ਹੈ।

194 ਹੁਣ, ਭਾਈ ਲਾਇਲ, ਤੁਸੀਂ ਪਵਿੱਤਰ ਆਤਮਾ ਨਾਲ ਮਸ਼ਹ ਕੀਤੇ ਗਏ ਹੋ। ਤੁਸੀਂ ਮਿਸ਼ਰ ਨੂੰ ਛੱਡ ਦਿੱਤਾ ਹੈ। ਲਸਣ ਦੇ ਭਾਂਡੇ ਅਤੇ ਸੰਸਾਰ ਦੀ ਗੰਦਗੀ ਪਿਛੇ ਰਹੀ ਗਈ ਹੈ। ਤੁਸੀਂ ਹੁਣ ਯਰਦਨ ਦੇ ਕਿਨਾਰੇ ਖੜੇ ਹੋ, ਬੱਸ ਉਸ ਪਾਰ। ਕਾਸ਼ ਪਰਮੇਸ਼ੁਰ ਤੁਹਾਨੂੰ ਪਾਰ ਲੈ ਜਾਵੇ; ਲਾਇਲ।

195 ਸਰਵ ਸ਼ਕਤੀਮਾਨ ਪਰਮੇਸ਼ੁਰ, ਇਹ ਤੇਰੀ ਜਿੱਤ ਦਾ ਤਗ਼ਮਾ ਹੈ। ਯਕੀਨਨ ਉਹ ਇੱਕ ਭਿਆਨਕ ਹਾਲਤ ਵਿੱਚ ਸੀ, ਪ੍ਰਭੂ, ਪਰ ਮੇਰਾ ਹਿਰਦਾ ਉਸ ਲਈ

ਗਿਆ । ਸਾਡੀਆਂ ਪ੍ਰਾਰਥਨਾਵਾਂ ਨੇ ਇੱਕ ਤਗੜਾ ਝਟਕਾ ਮਾਰਿਆ ਹੈ, ਅਤੇ ਉਹ ਚੀਜ ਜਿਸ ਨੇ ਉਸ ਨੂੰ ਫੜਿਆ ਹੋਇਆ ਸੀ ਉਹ ਉਸ ਤੋਂ ਚਲੀ ਗਈ ਹੈ । ਇਹ ਭੰਨ ਦਿੱਤੀ ਗਈ ਹੈ । ਅਤੇ ਹੁਣ ਉਹ ਯਰਦਨ ਵਲ ਤੁਰਦਾ ਜਾ ਰਿਹਾ ਹੈ । [ਭਾਈ ਲਾਇਲ ਵੂਡ ਕਹਿੰਦੇ ਹਨ, "ਧੰਨਵਾਦ, ਯੀਸ਼ੂ"—ਸੰਪਾਦਕ] ਉਸ ਨੂੰ ਵਾਇਦਾ ਕੀਤੀ ਹੋਈ ਧਰਤੀ ਵਿੱਚ ਲੈ ਜਾਵੋ, ਪ੍ਰਭੂ । ["ਹਾਂ, ਪ੍ਰਭੂ"] ਅਤੇ ਲੋਕਾਂ ਵਿਚਕਾਰ ਉਸ ਨੂੰ ਮੋਹਰਬੰਦ ਕਰ । ["ਹਾਂ, ਪ੍ਰਭੂ"] ਕਿ, ਉਸ ਮਹਿਮਾ ਵਾਲੇ ਦਿਨ ਜਦੋਂ ਅਸੀਂ ਉਥੇ ਮਿਲਾਂਗੇ, ਮੈਂ ਉਸ ਦੀਆਂ ਬਾਹਾਂ ਦੀ ਗਲਵਕੜੀ ਨੂੰ ਮਹਿਸੂਸ ਕਰਾਂ, ਪੁਕਾਰਦੇ ਹੋਏ, "ਮੇਰੇ ਬੇਸ਼ਕੀਮਤੀ ਭਾਈ!" ["ਆਮੀਨ"] "ਮੈਂ ਉਸ ਨੂੰ ਜਾਣਦਾ ਹਾਂ" । ਉਸ ਦੇ ਨਾਲ ਭਾਈ ਬੈਂਕਸ ਨੂੰ ਵੀ ਲੈ ਆਉਣਾ, ਪ੍ਰਭੂ, ਕੀ ਤੂੰ ਲਿਆਵੇਂਗਾ; ਪਿਤਾ ਅਤੇ ਮਾਂ ਨੂੰ, ਅਤੇ ਉਹਨਾਂ ਸਾਰਿਆਂ ਨੂੰ, ਭੈਣ, ਅਤੇ ਉਸ ਸਾਰੇ ਪਰਿਵਾਰ ਨੂੰ? ਹੋਣ ਦੇ ਕਿ ਅਸੀਂ ਸਾਰੇ ਉਥੇ ਮਿਲੀਏ, ਪ੍ਰਭੂ, ਅਤੇ ਉਹਨਾਂ ਵਿਚੋਂ ਹਰੇਕ ਪਵਿੱਤਰ ਆਤਮਾ ਨਾਲ ਭਰ ਦਿੱਤਾ ਜਾਵੇ । ਮੈਂ ਯਿਸੂ ਦੇ ਨਾਮ ਵਿੱਚ ਪ੍ਰਾਰਥਨਾ ਕਰਦਾ ਹਾਂ । ਆਮੀਨ । ["ਆਮੀਨ"]

ਤੁਸੀਂ ਇਸ ਨੂੰ ਪਾ ਲਵੋਗੇ, ਭਾਈ । ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ, ਭਾਈ ਲਾਇਲ ।

196 [ਕੋਈ ਕਹਿੰਦਾ ਹੈ, "ਭਾਈ?"—ਸੰਪਾਦਕ] ਹਾਂ, ਭਾਈ । ["ਇੱਕ ਲੰਬੀ ਦੂਰੀ ਦੀ ਟੈਲੀਫ਼ੋਨ ਕਾਲ ਹੈ, ਅਤੇ ਕੋਈ ਮਰ ਰਿਹਾ ਹੈ, ਲਾਇਨ ਤੇ ਉਡੀਕ ਰਿਹਾ ਹੈ"]।

197 ਇੱਕ ਲੰਬੀ ਦੂਰੀ ਦੀ ਕਾਲ ਹੈ, ਕੋਈ ਮਰ ਰਿਹਾ ਹੈ । ਮੈਂ ਸਭਾ ਨੂੰ ਭਾਈ ਨੇਵਿਲ ਦੇ ਹਵਾਲੇ ਕਰਦਾ ਹਾਂ ।

198 [ਭਾਈ ਨੇਵਿਲ ਕਹਿੰਦੇ ਹਨ, "ਪ੍ਰਭੂ ਦਾ ਮਹਾਨ ਅਤੇ ਅਚਰਜ ਦਿਨ! ਅੱਜ ਪਰਮੇਸ਼ੁਰ ਨੇ ਸਾਡੇ ਲਈ ਕਈ ਅਚਰਜ ਕੰਮ ਕੀਤੇ ਹਨ । ਮੇਰੀਆਂ ਸਭੇ ਉਮੀਦਾਂ ਪੂਰੀਆਂ ਹੋਈਆਂ ਹਨ"—ਸੰਪਾਦਕ]

["ਆਓ ਅਸੀਂ ਸਾਰੇ ਆਪਣੇ ਪੈਰਾਂ ਤੇ ਖੜੇ ਹੋਈਏ"]

199 ["ਬੁੱਧਵਾਰ ਰਾਤ ਦੀ ਸਭਾ ਨੂੰ ਯਾਦ ਰਖਣਾ। ਜਿਆਦਾ ਪ੍ਰਾਰਥਨਾ ਵਿੱਚ ਰਹਿਣਾ। ਸਾਰੇ ਅਸੰਤੁਸ਼ਟ, ਬੇਚੈਣ ਦਿਲ ਪਰਮੇਸ਼ੁਰ ਦੇ ਨਾਲ ਜਿਆਦਾ ਸੰਪਰਕ ਵਿੱਚ ਰਹਿਣ। 'ਘੜੀ ਆ ਪਹੁੰਚੀ ਹੈ। ਹੁਣ ਉਹ ਸਮਾਂ ਹੈ। ਅੱਜ ਮੁਕਤੀ ਦਾ ਦਿਨ ਹੈ'"]

200 ["ਤੁਸੀਂ ਜਿਹੜੇ ਦੂਰੋਂ ਆਏ ਹੋ, ਪਰਮੇਸ਼ੁਰ ਤੁਹਾਨੂੰ ਹਰੇਕ ਨੂੰ ਬਰਕਤ ਦੇਵੇ । ਸਾਡੀ ਇਹ ਪ੍ਰਾਰਥਨਾ ਹੈ ਕਿ, ਪਰਮੇਸ਼ੁਰ ਤੁਹਾਡੇ ਸਫਰ ਵਿੱਚ, ਤੁਹਾਡੇ ਘਰਾਂ ਤੱਕ ਵਾਪਸ ਜਾਣ ਵਿੱਚ ਸਹਾਇਤਾ ਕਰੇ । ਤੁਹਾਡਾ ਸਾਥ ਚੰਗਾ ਲਗਾ । ਅਤੇ

ਜਿਵੇਂ ਤੁਸੀਂ ਜਾ ਰਹੇ ਹੋ ਸਾਡੇ ਲਈ ਪ੍ਰਾਰਥਨਾ ਕਰਨਾ, ਕਿ ਪਰਮੇਸ਼ੁਰ ਇਸ ਜਗਾ ਨੂੰ ਵੀ ਬਰਕਤ ਦੇਵੇ" ।]

201 ["ਸਾਡੇ ਸਵਰਗੀ ਪਿਤਾ, ਅੱਜ ਰਾਤ ਜਿਵੇਂ ਤੇਰਾ ਦਾਸ ਆਇਆ, ਤਾਂ ਜੋ ਤੇਰੇ ਦਾਸ ਅਤੇ ਨਬੀ ਹੋਣ ਦੇ ਕੰਮ ਨੂੰ ਪੂਰਾ ਕਰੇ, ਦਰਾਰ ਵਿੱਚ ਖੜਾ ਹੋ ਕੇ, ਇੱਕ ਪੁਲ ਬਣਾ ਰਿਹਾ ਹੈ, ਸਾਡੇ ਕੋਲ ਸਰਗਰਮ ਸੇਵਕਾਈ ਲੈ ਕੇ ਆ ਰਿਹਾ ਹੈ, ਪਵਿੱਤਰ ਆਤਮਾ ਨਾਲ ਬਪਤਿਸਮਾ ਪਾਇਆ ਹੋਇਆ, ਅਤੇ ਨਬੀ ਦੀ ਪਦਵੀ ਉਸ ਨੂੰ ਦਿੱਤੀ ਗਈ ਹੈ, ਤਾਂ ਜੋ ਇਸ ਪੀੜ੍ਹੀ ਨਾਲ ਗਲ ਕਰੇ । ਅੱਜ ਰਾਤ ਸਾਡੀ ਸਹਾਇਤਾ ਕਰ, ਤਾਂ ਜੋ ਅਸੀਂ ਉਸ ਸੰਦੇਸ਼ ਨੂੰ ਸਵੀਕਾਰ ਕਰੀਏ ਜਿਹੜਾ ਸਾਡੇ ਕੋਲ ਆ ਰਿਹਾ ਹੈ, ਪ੍ਰਭੂ, ਪ੍ਰੇਰਣਾ, ਤਿਆਰ ਹੋਣ ਦੇ ਲਈ" ।]

202 ["ਅੱਜ ਰਾਤ ਇਸ ਇਮਾਰਤ ਦੇ ਦਰਵਾਜ਼ੇ ਤੋਂ ਬਾਹਰ ਜੋ ਵੀ ਬਾਹਰ ਜਾਵੇ, ਉਸ ਹਰੇਕ ਨੂੰ ਬਰਕਤ ਦੇ । ਹੋਣ ਦੇ ਕਿ ਜਿਹੜੀ ਬਿਮਾਰੀ ਸਾਡੇ ਉਤੇ ਹੈ, ਜਿਸ ਬਾਰੇ ਅਸੀਂ ਕੁਝ ਵੀ ਨਹੀਂ ਜਾਣਦੇ, ਹੋਣ ਦੇ ਕਿ ਤੇਰੇ ਕਿਰਪਾ ਅਤੇ ਸ਼ਕਤੀ ਸਾਨੂੰ ਬਚਾਵੇ, ਸਾਡੀ ਰਾਖੀ ਕਰੇ ਅਤੇ ਸਾਨੂੰ ਚੰਗਾ ਕਰੇ, ਅਤੇ ਸਾਨੂੰ ਸੰਭਾਲੇ, ਜੱਦ ਤੱਕ ਤੂੰ ਸਾਨੂੰ ਉਸ ਪਾਰ ਭੇਜਣ ਲਈ ਤਿਆਰ ਨਹੀਂ ਹੁੰਦਾ । ਸਾਰੇ ਨਿਰਾਸ਼, ਹੌਂਸਲਾ ਹਾਰੇ ਹੋਇਆਂ ਨੂੰ, ਡਰ ਨਾਲ ਭਰੇ ਹੋਈਆਂ ਅਤੇ ਜਿਹੜੇ ਕਮਜ਼ੋਰ ਹਨ, ਉਹਨਾਂ ਨੂੰ ਬਰਕਤ ਦੇ" ।]

203 ["ਪਰਮੇਸ਼ੁਰ, ਅੱਜ ਰਾਤ ਅਸੀਂ ਇੱਕ ਖਾਸ਼ ਮੁਲਾਕਾਤ ਦੇ ਲਈ ਪ੍ਰਾਰਥਨਾ ਕਰਦੇ ਹਾਂ, ਪਵਿੱਤਰ ਆਤਮਾ ਦੀ ਬਰਕਤ, ਹਰੇਕ ਰਾਹੀ ਉੱਤੇ, ਹਰੇਕ ਯਾਤਰੀ ਉੱਤੇ, ਅਤੇ ਸਾਡੇ ਫਾਟਕ ਦੇ ਹਰੇਕ ਅਜਨਬੀ ਤੇ ਆਵੇ । ਅੱਜ ਰਾਤ ਹਰੇਕ ਜਿਹੜਾ ਦਰਵਾਜ਼ੇ ਤੋਂ ਬਾਹਰ ਜਾਵੇ, ਹੋਣ ਦੇ ਕਿ ਉਹ ਕਲਵਰੀ ਦੀ ਸਲੀਬ ਤੋਂ, ਲਹੂ ਨਾਲ ਆਪਣੇ ਆਪ ਨੂੰ ਢੱਕ ਲਵੇ, ਪੂਰੀ ਤਰਾਂ ਢੱਕ ਅਤੇ ਮੁਹੱਈਆ ਕਰ" ।]

204 ["ਜੱਦ ਅਸੀਂ ਬੀਮਾਰ ਹਾਂ ਤਾਂ ਸਾਨੂੰ ਚੰਗਾ ਕਰ । ਸਾਨੂੰ ਆਪਣੀ ਮਹਾਨ ਸ਼ਕਤੀ ਨਾਲ ਸੰਭਾਲ । ਸਾਨੂੰ ਸੇਵਕਾਈ ਦੇ ਲਈ ਮਸ਼ਹ ਕਰ । ਹੋਣ ਦੇ ਕਿ ਅਸੀਂ ਆਪਣੇ ਜੀਵਨ ਦੇ ਸਾਰੇ ਦਿਨ, ਤੇਰੇ ਸਾਹਮਣੇ, ਪ੍ਰੇਮ ਵਿੱਚ ਚਲੀਏ । ਅਤੇ ਅਸੀਂ ਇਸ ਲਈ ਤੇਰੀ ਪ੍ਰਸੰਸਾ ਕਰਾਂਗੇ, ਕਿਉਂਕਿ ਅਸੀਂ ਇਹ ਯਿਸੂ ਮਸੀਹ ਦੇ ਨਾਮ ਵਿੱਚ ਅਤੇ ਉਸ ਦੇ ਲਈ ਮੰਗਦੇ ਹਾਂ । ਆਮੀਨ" ।]

205 ["ਅਤੇ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ । ਅਤੇ ਤੁਹਾਨੂੰ ਇਥੇ ਵੇਖ ਕੇ ਅਸੀਂ ਖੁਸ਼ ਹਾਂ । ਇੱਕ ਦੂਸਰੇ ਨਾਲ ਹੱਥ ਮਿਲਾਓ" ।]

206 [ਭਾਈ ਬ੍ਰਾਨਹਾਮ ਮੰਚ ਤੇ ਵਾਪਸ ਆਉਂਦੇ ਹਨ ਜਦਕਿ ਲੋਕ ਇਕ ਦੂਸਰੇ ਨਾਲ ਹੱਥ ਮਿਲਾ ਰਹੇ ਹਨ ਅਤੇ ਇੱਕ ਦੂਸਰੇ ਨੂੰ ਸ਼ੁਭ ਕਾਮਨਾਵਾਂ ਦਿੰਦੇ ਹੋਏ ਜਾ ਰਹੇ ਹਨ ।]

207 [ਭਾਈ ਬ੍ਰਾਨਹਾਮ ਕਿਸੇ ਨਾਲ ਗਲ ਕਰਦੇ ਹਨ ।] ਮੈਂ ਸਚਮੁਚ ਉਸ ਦੀ ਸਰਾਹਣਾ ਕਰਦਾ ਹਾਂ ਜੋ ਤੁਸੀਂ ਮੇਰੇ ਲਈ ਕੀਤਾ ਹੈ ਅਤੇ...?...ਹਾਂ, ਸ਼੍ਰੀਮਾਨ । ਸਚਮੁਚ ਸਰਾਹਨਾ ਕਰਦਾਹਾਂ...?...

208 [ਭਾਈ ਬ੍ਰਾਨਹਾਮ ਭਾਈ ਨੇਵਿਲ ਨਾਲ ਗਲ ਕਰਦੇ ਹਨ—ਸੰਪਾਦਕ] ਇਸ ਲਈ ਵਿਸ਼ਵਾਸ ਦੇ ਪੱਥਰ ਨੂੰ ਭੇਜਿਆ...?...ਇੱਕ ਆਦਮੀ ਸੀ...?...ਇਸ ਲਈ ਮੈਂ ਯਿਸੂ ਮਸੀਹ ਦੇ ਨਾਮ ਵਿੱਚ, ਉਸ ਦੇ ਪਿੱਛੇ ਪ੍ਰਾਰਥਨਾ ਨੂੰ ਭੇਜਿਆ ਹੈ । ਉਥੇ ਉਹ ਇੱਕ ਇੱਕ ਘੰਟੇ ਤੋਂ ਪਿਆ ਹੋਇਆ ਸੀ, ਕੋਈ ਨਬਜ ਨਹੀਂ ਸੀ, ਕੋਈ ਸਾਹ ਨਹੀਂ ਸੀ, ਕੁਝ ਵੀ ਨਹੀਂ ਸੀ । ਕੋਈ ਸ਼ਾਹ ਨਹੀਂ, ਕੋਈ ਨਬਜ ਨਹੀਂ ਜਾਂ ਕੋਈ ਸਾਹ ਨਹੀਂ, ਕੁਝ ਵੀ ਨਹੀਂ; ਉਸ ਦੀਆਂ ਅੱਖਾਂ ਉਸ ਦੇ ਸਿਰ ਵਿੱਚ ਵੜੀਆਂ ਹੋਈਆਂ ਸਨ, ਪੁਲਪਿਟ ਤੇ ਡਿੱਗ ਪਿਆ ਸੀ । [ਭਾਈ ਨੇਵਿਲ ਕਹਿੰਦੇ ਹਨ, “ਉਸ ਨੇ ਉਸ ਨੂੰ ਉਥੇ ਹੀ ਪਿਆ ਰਹਿਣ ਦਿੱਤਾ ਜਦ ਤਕ ਉਹ ਪ੍ਰਾਰਥਨਾ ਨਾ ਕੀਤੀ ਗਈ” ।]

209 *ਇਹ* ਅਜੇ ਵੀ ਚਲ ਰਿਹਾ ਹੈ? [ਭਾਈ ਨੇਵਿਲ ਕਹਿੰਦਾ ਹਨ, “ਹਾਂ, ਇਹ ਅਜੇ ਵੇ ਚਲ ਰਿਹਾ ਹੈ,” ਇਸ਼ਾਰਾ ਕਰਦੇ ਹੋਏ ਕਿ ਮਾਇਕ੍ਰੋਫ਼ੋਨ ਜੇ ਵੀ ਚਲ ਰਿਹਾ ਹੈ—ਸੰਪਾਦਕ]

210 ਕੀ ਮੈਂ ਤੁਹਾਡਾ ਧਿਆਨ ਲੈ ਸਕਦਾ ਹਾਂ? ਇਥੇ ਇੰਡਿਆਨਾ ਵਿੱਚ ਇੱਕ ਜਵਾਨ ਪ੍ਰਚਾਰਕ, ਪਰਚਾਰ ਕਰ ਰਿਹਾ ਸੀ, ਕਰੀਬ ਇੱਕ ਘੰਟਾਂ ਪਹਿਲਾਂ ਉਹ ਪ੍ਰਚਾਰ ਮੰਚ ਤੇ ਮਰ ਕੇ ਡਿੱਗ ਪਿਆ । ਜਦ ਉਹ ਪਰਚਾਰ ਕਰ ਰਿਹਾ ਸੀ, ਅੱਗੇ ਨੂੰ ਡਿੱਗ ਪਿਆ, ਅਤੇ ਪੁਲਪਿੱਟ ਉੱਤੇ ਹੀ ਮਰ ਗਿਆ, ਇੱਕ ਮਸ਼ਹੂਰ ਪ੍ਰਚਾਰਕ, ਇਥੇ ਇੰਡਿਆਨਾ ਵਿੱਚ ਪ੍ਰਚਾਰ ਕਰ ਰਿਹਾ ਸੀ । ਪਾਸਟਰ ਹੁਣੇ ਆਇਆ ਅਤੇ ਮੈਨੂੰ ਫੋਨ ਕੀਤਾ । ਉਹ ਠੀਕ ਪਰਚਾਰ ਕਰਦੇ ਹੋਏ ਪਵਿੱਤਰ ਆਤਮਾ ਦੇ ਮਸ਼ਹ ਹੇਠ ਮਰ ਗਿਆ, ਅੱਗੇ ਨੂੰ ਡਿੱਗ ਪਿਆ, ਉਸ ਦੀਆਂ ਅੱਖਾਂ ਰੁੱਕ ਗਈਆਂ, ਉਸ ਦੇ ਸਾਹ ਉਸ ਨੂੰ ਛੱਡ ਕੇ ਚਲੇ ਗਏ । ਉਸ ਨੂੰ ਮ੍ਰਿਤ ਘੋਸ਼ਿਤ ਕਰ ਦਿੱਤਾ ਗਿਆ ਹੈ, ਉਹ ਇੱਕ ਘੰਟੇ ਤੋਂ ਮਰਿਆ ਪਿਆ ਹੈ । ਅਤੇ ਕਿਸੇ ਨੇ ਉਹਨਾਂ ਨੂੰ ਦੱਸਿਆ ਕਿ ਕਲੀਸਿਯਾ ਨੂੰ ਫੋਨ ਕਰਨ ਅਤੇ ਮੈਨੂੰ ਪ੍ਰਾਰਥਨਾ ਲਈ ਕਹਿਣ । ਇਸ ਲਈ ਮੈਂ ਯਿਸੂ ਮਸੀਹ ਦੇ ਨਾਮ ਵਿੱਚ, ਉਸ ਨੂੰ ਵਾਪਸ ਲਿਆਉਣ ਲਈ ਪ੍ਰਾਰਥਨਾ ਭੇਜੀ ਹੈ। ਤੁਸੀਂ ਵੀ ਮੇਰੇ ਨਾਲ ਵਿਸ਼ਵਾਸ ਦੁਆਰਾ

ਜੁੜ ਸਕਦੇ ਹੋ, ਤਾਂ ਜੋ ਇਹ ਨਿਸ਼ਾਨੇ ਤੋਂ ਨਾ ਖੁੰਝੇ; ਉਸ ਨੂੰ ਤਰੋਤਾਜ਼ਾ ਕਰੇ ਅਤੇ ਉਸ ਨੂੰ ਵਾਪਸ ਲੈ ਕੇ ਆਵੇ। ਧੰਨਵਾਦ।

211 ਪਰਮੇਸ਼ੁਰ ਤੁਹਾਡੇ ਨਾਲ ਹੋਵੇ, ਜੱਦ ਤੱਕ ਮੈਂ ਤਹਾਨੂੰ ਬੁੱਧਵਾਰ ਦੀ ਰਾਤ ਨਾ ਮਿਲਾਂ। ਤੁਸੀਂ ਲੋਕ ਜੋ ਜਾਰਜਿਆ ਅਤੇ ਆਲੇ ਦੁਆਲੇ ਤੋਂ, ਅਲਵਿਦਾ। ਪਰਮੇਸ਼ੁਰ ਤੁਹਾਡੇ ਨਾਲ ਹੋਵੇ।

212 [ਭਾਈ ਬ੍ਰਾਨਹਾਮ ਮਾਇਕਰੋਫ਼ੋਨ ਤੋਂ ਹੱਟ ਜਾਂਦੇ ਹਨ ਅਤੇ ਹੋਰਾਂ ਨਾਲ ਗਲ ਕਰਦੇ ਹਨ, ਪਰ ਉਹਨਾਂ ਦੀ ਗਲਬਾਤ ਸਾਫ਼ ਨਹੀਂ ਹੈ—ਸੰਪਾਦਕ]

*ਲੇਪਾਲਕਪਣ* *1* PUN60-0515E

(Adoption 1)

**ਲੇਪਾਲਕਪਣ ਲੜੀ**

ਇਹ ਸੰਦੇਸ਼ ਭਾਈ ਵਿਲੀਅਮ ਮੈਰੀਅਨ ਬ੍ਰਾਨਹਾਮ ਦੁਆਰਾ ਐਤਵਾਰ ਸ਼ਾਮ, 15 ਮਈ, 1960 ਨੂੰ, ਬ੍ਰਾਨਹਾਮ ਟੇਬਰਨੇਕਲ, ਜੈਫਰਸਨਵਿਲੇ, ਇੰਡੀਆਨਾ, ਸੰਯੁਕਤ ਰਾਜ ਅਮਰੀਕਾ ਵਿੱਚ ਪਰਚਾਰ ਕੀਤਾ ਗਿਆ ਅਤੇ ਇਹ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿੱਚ ਬਿਨਾਂ ਕੁਝ ਘਟਾਏ ਵਧਾਏ ਛਾਪਿਆ ਗਿਆ ਹੈ। ਇਹ ਪੰਜਾਬੀ ਅਨੁਵਾਦ ਵਾਇਸ ਆਫ ਗੋਡ ਰਿਕਾਰਡਿੰਗਸ ਵਲੋਂ ਛਾਪਿਆ ਅਤੇ ਵੰਡਿਆ ਗਿਆ ਹੈ।

PUNJABI

©2020 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## Copyright notice

All rights reserved. This book may be printed on a home printer for personal use or to be given out, free of charge, as a tool to spread the Gospel of Jesus Christ. This book cannot be sold, reproduced on a large scale, posted on a website, stored in a retrieval system, translated into other languages, or used for soliciting funds without the express written permission of Voice Of God Recordings®.

For more information or for other available material, please contact:



VOICE OF GOD RECORDINGS

P.O. BOX 950, JEFFERSONVILLE, INDIANA 47131 U.S.A.

www.branham.org